ਤੁਸੀ ਆਪਣੇ
ਬਿਜਨਸ ਦੀ
ਐਡ ਇਸ ਥਾਂ
'ਤੇ ਲਗਵਾ
ਸਕਦੇ ਹੋ

The Punjabi Newspaper
ਪੰਜਾਬੀਅਤ ਦਾ ਪਹਿਰੇਦਾਰ
ਪੰਜਾਬੀ
# ਅਖ਼ਬਾਰ
Punjabi Akhbaar
ਮੁੱਖ ਸੰਪਾਦਕ: ਹਰਬੰਸ ਬੁੱਟਰ 403 640 2000



ਪੰਜਾਬੀ
ਅਖ਼ਬਾਰ
ਰੀਜਾਇਨਾ
ਐਡੀਸ਼ਨ
ਵਿੱਚ
ਐਡਵਰਟਾਈਜ਼ਮੈਂਟ
ਦੇਣ ਲਈ
ਗੁਰਬਿੰਦਰ ਸਿੰਘ
ਗਾਗੋਵਾਲ ਨਾਲ
ਸੰਪਰਕ ਕਰੋ
1 306 520 4313
ਮੁੱਖ ਦਫ਼ਤਰ: 1 403 640 2000

Vol: 12 No: 279 Website : www.punjabiakhbaar.ca Email: editor@punjabiakhbaar.ca Friday, 7 November 2025

# ਐਨ ਡੀ ਪੀ ਲੀਡਰ ਨੇ ਪ੍ਰੀਮੀਅਰ ਮੋ ਸਕਾਟ ਕੋਲ ਚੀਨੀ ਟੈਰਿਫਾਂ ਨੂੰ ਖਤਮ ਕਰਨ ਦੀ ਮੰਗ ਰੱਖੀ



ਐਮਐਲਏ ਭਜਨ ਬਰਾੜ ਅਤੇ ਐਨਡੀਪੀ ਲੀਡਰ ਕਾਰਲਾ ਬੇਕ

ਰੀਜਾਇਨਾ (ਪੰਜਾਬੀ ਅਖ਼ਬਾਰ ਬਿਊਰੋ) ਸੈਸਕੈਚਵਾਨ ਸੂਬੇ ਦੀ ਐਨ ਡੀ ਪੀ ਲੀਡਰ ਬੈਕ ਨੇ ਮੌਜੂਦਾ ਪ੍ਰੀਮੀਅਰ ਮੋ ਨੂੰ ਚੀਨੀ ਈਵੀ ਟੈਰਿਫਾਂ ਨੂੰ ਖਤਮ ਕਰਨ ਦੇ ਸਮਰਥਨ ਵਿੱਚ ਵਧ ਰਹੇ ਲੋਕ ਦਬਾਅ ਵਿੱਚ ਸ਼ਾਮਿਲ ਹੋਣ ਦੀ ਮੰਗ ਕੀਤੀ ਤਾਂ ਜੋ ਸਸਕੈਚਵਨ ਕੈਨੋਲਾ ਉਤਪਾਦਕਾਂ ਨੂੰ ਹੋਰ ਦਰਦ ਤੋਂ ਬਚਾਇਆ ਜਾ ਸਕੇ।

ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਐਨ ਡੀ ਪੀ ਐਮ ਐਲ ਏ ਭਜਨ ਸਿੰਘ ਬਰਾੜ ਨੇ ਪੰਜਾਬੀ ਅਖ਼ਬਾਰ ਅਖ਼ਬਾਰ ਨਾਲ ਗੱਲ ਕਰਦੇ ਹੋਏ ਦੱਸਿਆ ਕਿ ਸਾਡੀ ਪਾਰਟੀ ਸਸਕੈਚਵਨ ਐਨ ਡੀ ਪੀ ਨੇਤਾ ਕਾਰਲਾ ਬੇਕ ਪ੍ਰੀਮੀਅਰ ਸਕਾਟ ਮੋ ਤੋਂ , ਸਪੱਸ਼ਟ ਤੌਰ 'ਤੇ ਚੀਨੀ ਇਲੈਕਟ੍ਰਿਕ ਵਾਹਨਾਂ 'ਤੇ ਟੈਰਿਫਾਂ ਨੂੰ ਖਤਮ ਕਰਨ ਦੀ ਮੰਗ ਕਰ ਰਹੀ ਹੈ। ਇੱਕ ਅਜਿਹਾ ਕਦਮ ਜੋ ਕੈਨੋਲਾ ਬੀਜ, ਤੇਲ ਅਤੇ ਭੋਜਨ 'ਤੇ ਲਗਾਏ ਜਾ ਰਹੇ ਵਿਨਾਸ਼ਕਾਰੀ ਟੈਰਿਫਾਂ ਨੂੰ ਤੁਰੰਤ ਰੋਕ ਦੇਵੇਗਾ, ਕਿਉਂਕਿ ਪਿਛਲੇ ਦਿਨੀ, ਚੀਨੀ ਰਾਜਦੂਤ ਨੇ ਇਹ ਸਪੱਸ਼ਟ ਕੀਤਾ ਸੀ ਕਿ ਚੀਨੀ ਈਵੀ 'ਤੇ ਟੈਰਿਫਾਂ ਨੂੰ ਖਤਮ ਕਰਨ ਨਾਲ ਕੈਨੋਲਾ ਉਤਪਾਦਾਂ 'ਤੇ ਟੈਰਿਫਾਂ ਨੂੰ ਵੀ ਪ੍ਰਤੀਕਿਰਿਆਸ਼ੀਲ ਢੰਗ ਨਾਲ ਹਟਾਇਆ ਜਾਵੇਗਾ। ਮੈਨੀਟੋਬਾ ਦੇ ਪ੍ਰੀਮੀਅਰ ਵੈਬ ਕੀਨਿਊ ਨੇ ਤੁਰੰਤ ਇਸ ਐਲਾਨ ਦਾ ਜਵਾਬ ਦਿੰਦੇ ਹੋਏ ਸੰਘੀ ਸਰਕਾਰ ਨੂੰ ਈਵੀ ਟੈਰਿਫਾਂ ਨੂੰ ਖਤਮ ਕਰਨ ਦੀ ਮੰਗ ਕੀਤੀ ਹੈ ਪਰ ਸਕਾਟ ਮੋ ਨੇ ਅਜਿਹੀ ਕੋਈ ਟਿੱਪਣੀ ਨਹੀਂ ਕੀਤੀ ਹੈ ਅਤੇ ਇਸ ਦੀ ਬਜਾਏ ਜ਼ੋਰ ਦੇ ਕੇ ਕਿਹਾ ਹੈ ਕਿ ਵਪਾਰ ਵਿਵਾਦ ਨੂੰ ਖਤਮ ਕਰਨਾ "ਇੰਨਾ ਸੌਖਾ ਨਹੀਂ ਹੈ।"

ਵਰਨਣਯੋਗ ਹੈ ਕਿ ਪਿਛਲੇ ਹਫ਼ਤੇ, ਸਸਕੈਚਵਨ ਐਸੋਸੀਏਸ਼ਨ ਆਫ ਰੂਰਲ ਮਿਉਂਸਪੈਲਿਟੀਜ਼ ਨੇ ਖੁਲਾਸਾ ਕੀਤਾ ਕਿ "ਔਟਾਵਾ ਦੇ ਚੀਨ ਨਾਲ ਇਲੈਕਟ੍ਰਿਕ ਵਾਹਨਾਂ 'ਤੇ ਵਿਵਾਦ ਤੋਂ ਪੈਦਾ ਹੋਏ ਟੈਰਿਫ ਲਗਾਉਣ ਤੋਂ ਬਾਅਦ, ਸਸਕੈਚਵਨ ਕੈਨੋਲਾ ਬੀਜ, ਤੇਲ, ਆਦਿ ਦੀ ਇੱਕ ਵੀ ਖੇਪ ਚੀਨੀ ਬਾਜ਼ਾਰ ਵਿੱਚ ਦਾਖਲ ਨਹੀਂ ਹੋਈ।"ਭਜਨ ਬਰਾੜ ਦਾ ਕਹਿਣਾ ਹੈ ਕਿ ਸਸਕੈਚਵਨ ਦੇ ਕਿਸਾਨ ਦੁਨੀਆ ਨੂੰ ਭੋਜਨ ਦਿੰਦੇ ਹਨ। ਉਨ੍ਹਾਂ ਨੂੰ ਇਸ ਸਮੇਂ ਚੀਨੀ ਵਪਾਰ ਬਾਜ਼ਾਰ ਤੱਕ ਪਹੁੰਚ ਦੀ ਲੋੜ ਹੈ । ਸਾਡਾ ਇਹ ਫਿਕਰ ਸਾਡੇ ਖੇਤੀਬਾੜੀ ਖੇਤਰ, ਸਾਡੀ ਆਰਥਿਕਤਾ ਅਤੇ ਇੰਨੇ ਸਾਰੇ ਸਸਕੈਚਵਨ ਪਰਿਵਾਰਾਂ ਦੀ ਰੋਜ਼ੀ-ਰੋਟੀ ਬਾਰੇ ਹੈ। ਸੱਚ ਕਹਾਂ ਤਾਂ, ਲੋਕ ਇਸ ਤੋਂ ਥੱਕ ਗਏ ਹਨ। ਸਸਕੈਚਵਨ ਪਾਰਟੀ ਦੇ 18 ਸਾਲਾਂ ਬਾਅਦ, ਅਸੀਂ ਇੱਕ ਸਥਿਰ ਅਰਥਵਿਵਸਥਾ ਅਤੇ ਰਹਿਣ-ਸਹਿਣ ਦੀ ਲਾਗਤ ਦਾ ਸੰਕਟ ਦੇਖ ਰਹੇ ਹਾਂ ਜੋ ਸਾਡੇ ਘਰੇਲੂ ਬਜਟ ਨੂੰ ਨੁਕਸਾਨ ਪਹੁੰਚਾ ਰਿਹਾ ਹੈ। ਜਦੋਂ ਤੋਂ ਮੋ ਪ੍ਰੀਮੀਅਰ ਬਣਿਆ ਹੈ, ਸਾਡੇ ਕੋਲ ਪੂਰੇ ਕੈਨੇਡਾ ਵਿੱਚ ਤੀਜੇ ਸਭ ਤੋਂ ਮਾੜੇ ਰੁਜ਼ਗਾਰ ਪੈਦਾ ਹੋਣ ਦਾ ਮੌਕਾ ਰਿਹਾ ਹੈ।

# ਕੈਨੇਡਾ ਦੀ ਸਖ਼ਤੀ ; 74 ਫੀਸਦ ਵਿਦਿਆਰਥੀ ਵੀਜ਼ਾ ਅਰਜ਼ੀਆਂ ਰੱਦ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਕੈਨੇਡਾ ਵੱਲੋਂ ਕੌਮਾਂਤਰੀ ਵਿਦਿਆਰਥੀਆਂ 'ਤੇ ਕੀਤੀ ਸਖ਼ਤੀ ਨੇ ਭਾਰਤੀ ਵਿਦਿਆਰਥੀਆਂ 'ਤੇ ਸਭ ਤੋਂ ਵੱਧ ਅਸਰ ਪਾਇਆ ਹੈ। ਇਮੀਗ੍ਰੇਸ਼ਨ ਵਿਭਾਗ ਦੇ ਅੰਕੜਿਆਂ ਅਨੁਸਾਰ ਅਗਸਤ 2025 ਵਿੱਚ ਕੈਨੇਡੀਅਨ ਸੰਸਥਾਵਾਂ ਵਿੱਚ ਪੜ੍ਹਨ ਲਈ ਭਾਰਤੀ ਵਿਦਿਆਰਥੀਆਂ ਦੀਆਂ ਤਕਰੀਬਨ 74 ਫੀਸਦ ਅਰਜ਼ੀਆਂ ਰੱਦ ਕਰ ਦਿੱਤੀਆਂ ਗਈਆਂ; ਅਗਸਤ 2023 ਵਿੱਚ ਇਹ ਦਰ ਸਿਰਫ਼ 32 ਫੀਸਦ ਸੀ। ਅਗਸਤ 2025 ਵਿੱਚ ਚੀਨੀ ਵਿਦਿਆਰਥੀਆਂ ਦੀਆਂ ਸਿਰਫ਼ 24 ਫੀਸਦ ਅਰਜ਼ੀਆਂ ਹੀ ਰੱਦ ਹੋਈਆਂ।ਭਾਰਤੀ ਬਿਨੈਕਾਰਾਂ ਦੀ ਗਿਣਤੀ ਵਿੱਚ ਵੀ ਭਾਰੀ ਗਿਰਾਵਟ ਆਈ ਹੈ। ਅਗਸਤ 2023 ਵਿੱਚ ਜਿੱਥੇ 20,900 ਭਾਰਤੀਆਂ ਨੇ ਅਰਜ਼ੀ ਦਿੱਤੀ ਸੀ, ਉੱਥੇ ਅਗਸਤ 2025 ਵਿੱਚ ਇਹ ਗਿਣਤੀ ਘਟ ਕੇ ਸਿਰਫ਼ 4,515 ਰਹਿ ਗਈ।

# ਕੈਲਗਰੀ ਵਸਦੇ 567 ਭਾਰਤੀ ਪੈਨਸ਼ਨਰਾਂ ਦੇ ਲਾਈਫ ਸਰਟੀਫਿਕੇਟ,ਭਾਰਤੀ ਕੌਂਸਲੇਟ ਵੱਲੋਂ ਤਸਦੀਕ ਕੀਤੇ ਗਏ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਭਾਰਤੀ ਪੈਨਸ਼ਨਰਾਂ ਲਈ ਜੀਵਨ ਸਰਟੀਫਿਕੇਟਾਂ ਦੀ ਤਸਦੀਕ ਲਈ ਇੱਕ ਕੈਂਪ ਇੰਡੀਅਨ ਐਕਸ-ਸਰਵਿਸਮੈਨ ਇਮੀਗ੍ਰੈਂਟਸ ਐਸੋਸੀਏਸ਼ਨ ਕੈਲਗਰੀ ਦੁਆਰਾ ਵੈਨਕੂਵਰ ਵਿਖੇ ਭਾਰਤ ਦੇ ਕੌਂਸਲੇਟ ਜਨਰਲ ਦੇ ਸਹਿਯੋਗ ਨਾਲ ਐਤਵਾਰ 02 ਨਵੰਬਰ, 2025 ਨੂੰ ਲਗਾਇਆ ਗਿਆ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਇੰਡੀਅਨ ਐਕਸ-ਸਰਵਿਸਮੈਨ ਇਮੀਗ੍ਰੈਂਟਸ ਐਸੋਸੀਏਸ਼ਨ, ਕੈਲਗਰੀ ਦੇ ਪ੍ਰਧਾਨ ਸ: ਬਲਕਾਰ ਸਿੰਘ ਸੰਧੂ ਨੇ ਦੱਸਿਆ ਕਿ ਇਸ ਕੈਂਪ ਵਿੱਚ ਵੈਨਕੂਵਰ ਵਿਖੇ ਭਾਰਤ ਦੇ ਕੌਂਸਲੇਟ ਜਨਰਲ ਦੇ ਦਫ਼ਤਰ ਤੋਂ ਤਿੰਨ ਅਧਿਕਾਰੀ ਸ਼੍ਰੀ ਸੁਖਬੀਰ, ਸ਼੍ਰੀ ਯਾਸੂ ਜੋਤੀ ਸ਼ਰਮਾ, ਸ਼੍ਰੀ ਸੰਜੇ ਮਲਹੋਤਰਾ, ਭਾਰਤੀ ਪੈਨਸ਼ਨਰਾਂ ਦੇ ਜੀਵਨ ਸਰਟੀਫਿਕੇਟਾਂ ਦੀ ਤਸਦੀਕ ਕਰਨ ਲਈ ਆਏ ਸਨ। ਇਹਨਾਂ ਅਧਿਕਾਰੀਆਂ ਦੁਆਰਾ ਇਸ ਕੈਂਪ ਵਿੱਚ ਸ਼ਾਮਿਲ ਹੋਏ ਸਾਰੇ 567 ਪੈਨਸ਼ਨਰਾਂ ਦੇ ਜੀਵਨ ਸਰਟੀਫਿਕੇਟਾਂ ਦੀ ਤਸਦੀਕ ਕੀਤੀ ਗਈ।




# ਨੌਰਥ ਈਸਟ ਸੀਨੀਅਰ ਸੁਸਾਇਟੀ ਕੈਲਗਰੀ ਵੱਲੋਂ ਦਿਵਾਲੀ ਅਤੇ ਬੰਦੀ ਛੋੜ ਦਿਵਸ ਮਨਾਇਆ ਗਿਆ




ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ ) ਕੈਲਗਰੀ ਵਿਖੇ ਬਜ਼ੁਰਗਾਂ ਵੱਲੋਂ ਸਥਾਪਿਤ ਕੀਤੀ ਗਈ ਨਵੀਂ ਸੰਸਥਾ ਨੌਰਥ ਈਸਟ ਸੀਨੀਅਰ ਸੁਸਾਇਟੀ ਕੈਲਗਰੀ ਵੱਲੋਂ ਆਪਣੇ ਮੈਂਬਰਾਂ ਦੀ ਹਾਜ਼ਰੀ ਵਿੱਚ ਦਿਵਾਲੀ ਅਤੇ ਬੰਦੀ ਛੋੜ ਦਿਵਸ ਮਨਾਇਆ ਗਿਆ । ਪ੍ਰੋਗਰਾਮ ਦੀ ਸ਼ੁਰੂਆਤ ਗੁਰੂਬਾਣੀ ਦਾ ਓਟ ਆਸਰਾ ਲੈਂਦੇ ਹੋਏ ਅਰਦਾਸ ਬੇਨਤੀ ਨਾਲ ਸ਼ੁਰੂ ਕੀਤੀ ਗਈ । ਵਾਰਡ ਪੰਜ ਤੋਂ ਕੌਂਸਲਰ ਰਾਜ ਧਾਲੀਵਾਲ ਇਸ ਸਮਾਗਮ ਵਿੱਚ ਵਿਸ਼ੇਸ਼ ਤੌਰ ਤੇ ਪੁੱਜੇ । ਭਾਵੇਂ ਇਸ ਤੋਂ ਪਹਿਲਾਂ ਵੀ ਉਹਨਾਂ ਨੇ ਇਹਨਾਂ ਬਜ਼ੁਰਗਾਂ ਦੇ ਬੈਠਣ ਲਈ ਗਜ਼ੀਬੋ ਅਤੇ ਵਾਸ਼ਰੂਮਾਂ ਦਾ ਪ੍ਰਬੰਧ ਕਰਕੇ ਦਿੱਤਾ ਹੈ ਪਰ ਅੱਜ ਬਜ਼ੁਰਗਾਂ ਨੇ ਇੱਕ ਹੋਰ ਮੰਗ ਰੱਖ ਦਿੱਤੀ ਕਿ ਠੰਡੀ ਹਵਾ ਚੱਲਦੀ ਹੋਣ ਕਾਰਨ ਉਹਨਾਂ ਨੂੰ ਇੱਥੇ ਬੈਠਣਾ ਮੁਸ਼ਕਿਲ ਹੋ ਜਾਂਦਾ ਹੈ। ਇਸ ਲਈ ਇਸ ਗ਼ਜ਼ੀਬੋ ਦੇ ਆਲੇ ਦੁਆਲੇ ਪਾਰਦਰਸ਼ੀ ਗਾਰਡ ਜਰੂਰ ਲਗਵਾ ਕੇ ਦਿੱਤੇ ਜਾਣ । ਕੈਲਗਰੀ ਤੋਂ ਐਨ ਡੀ ਪੀ ਐਮਐਲਏ ਪਰਮਮੀਤ ਸਿੰਘ ਬੋਪਾਰਾਏ,ਐਮਪੀ ਅਮਨਪ੍ਰੀਤ ਸਿੰਘ ਗਿੱਲ ਅਤੇ ਹੋਰ ਬਹੁਤ ਸਾਰੇ ਸਾਰੀਆਂ ਰਾਜਨੀਤਿਕ ਸ਼ਖਸ਼ੀਅਤਾਂ ਨੇ ਇਸ ਸਮਾਗਮ ਵਿੱਚ ਹਾਜ਼ਰੀ ਭਰੀ ।ਫੂਡ ਟਰੱਕ ਦੇ ਰਾਹੀਂ ਗਰਮਾ ਗਰਮ ਖਾਣੇ ਦਾ ਪ੍ਰਬੰਧ ਠੰਡੇ ਠਾਰ ਮੌਸਮ ਵਿੱਚ ਕਾਬਲੇ ਤਾਰੀਫ ਸੀ ।ਮੰਚ ਸੰਚਾਲਨ ਦੀ ਸੇਵਾ ਨਿਰਮਲ ਸਿੰਘ ਹੇਅਰ ਨੇ ਬਾਖੂਬੀ ਨਿਭਾਈ। ਬਹੁਤ ਸਾਰੇ ਬੁਲਾਰਿਆਂ ਨੇ ਇਸ ਮੌਕੇ ਮੰਚ ਉਪਰੋਂ ਦਿਵਾਲੀ ਅਤੇ ਬੰਦੀ ਛੋੜ ਦਿਵਸ ਦੀਆਂ ਵਧਾਈਆਂ ਦਿੱਤੀਆਂ ਅਤੇ ਆਪੋ ਆਪਣੇ ਵਿਚਾਰ ਰੱਖੇ।




ਆਪਣੇ ਫੋਨ ਵਿੱਚ ਪੰਜਾਬੀ ਅਖ਼ਬਾਰ ਦੀ ਐਪ ਫਰੀ ਡਾਊਨ ਲੋਡ ਕਰੋ
App Store
Play Store







## ਮਮਦਾਨੀ ਮੇਅਰ ਬਣਿਆ ਤਾਂ ਨਿਊ ਯਾਰਕ ਸ਼ਹਿਰ 'ਆਰਥਿਕ ਤੇ ਸਮਾਜਿਕ ਪੱਖੋਂ ਤਬਾਹ' ਹੋ ਜਾਵੇਗਾ: ਟਰੰਪ

ਵਾਸ਼ਿੰਗਟਨ (ਪੰਜਾਬੀ ਅਖਬਾਰ ਬਿਊਰੋ)- ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਨਿਊ ਯਾਰਕ ਸਿਟੀ ਦੇ ਵੋਟਰਾਂ ਨੂੰ ਚੇਤਾਵੀ ਦਿੱਤੀ ਹੈ ਕਿ ਜੇਕਰ ਡੈਮੋਕਰੈਟਿਕ ਉਮੀਦਵਾਰ ਜ਼ੋਹਰਾਨ ਮਮਦਾਨੀ ਮੇਅਰ ਦੀ ਚੋਣ ਜਿੱਤਦਾ ਹੈ ਤਾਂ ਇਹ ਨਿਊ ਯਾਰਕ ਲਈ 'ਮੁਕੰਮਲ ਆਰਥਿਕ ਤੇ ਸਮਾਜਿਕ ਤਬਾਹੀ ਹੋਵੇਗਾ' ਤੇ ਸ਼ਹਿਰ ਦੀ 'ਹੋਂਦ' ਲਈ ਖ਼ਤਰਾ ਖੜ੍ਹਾ ਹੋ ਜਾਵੇਗਾ। ਟਰੰਪ ਵੱਲੋਂ ਮੇਅਰ ਦੀ ਚੋਣ ਲਈ ਅਧਿਕਾਰਤ ਤੌਰ 'ਤੇ ਸਾਬਕਾ ਗਵਰਨਰ ਐਂਡਰਿਊ ਕਿਊਮੋ (Andrew Cuomo) ਦੀ ਹਮਾਇਤ ਕੀਤੀ ਜਾ ਰਹੀ ਹੈ, ਜੋ ਆਜ਼ਾਦ ਉਮੀਦਵਾਰ ਵਜੋਂ ਚੋਣ ਲੜ ਰਿਹਾ ਹੈ।ਟਰੰਪ ਨੇ ਸੋਮਵਾਰ ਨੂੰ ਚੋਣ ਦੀ ਪੂਰਬਲੀ ਸੰਧਿਆ ਟਰੁੱਥ ਸੋਸ਼ਲ 'ਤੇ ਇਕ ਪੋਸਟ ਵਿਚ ਇਹ ਧਮਕੀ ਵੀ ਦਿੱਤੀ ਕਿ ਜੇਕਰ ਮਮਦਾਨੀ ਚੋਣ ਜਿੱਤਦਾ ਹੈ ਤੇ ਮੇਅਰ ਬਣਦਾ ਹੈ ਤਾਂ ਉਹ ਨਿਊ ਯਾਰਕ ਸ਼ਹਿਰ ਲਈ ਸਿਰਫ਼ ਘੱਟੋ ਘੱਟ ਲੋੜੀਂਦੇ ਫੰਡ ਹੀ ਭੇਜਣਗੇ।ਟਰੰਪ ਨੇ ਟਰੁੱਥ ਸੋਸ਼ਲ 'ਤੇ ਕਿਹਾ, "ਜੇਕਰ ਕਮਿਊਨਿਸਟ ਉਮੀਦਵਾਰ ਜ਼ੋਹਰਾਨ ਮਮਦਾਨੀ ਨਿਊ ਯਾਰਕ ਸਿਟੀ ਦੇ ਮੇਅਰ ਲਈ ਚੋਣ ਜਿੱਤ ਜਾਂਦਾ ਹੈ, ਤਾਂ ਇਹ ਬੇਹੱਦ ਮੁਸ਼ਕਲ ਹੈ ਕਿ ਮੈਂ ਆਪਣੇ ਪਿਆਰੇ ਪਹਿਲੇ ਘਰ (ਨਿਊ ਯਾਰਕ) ਲਈ ਲੋੜ ਮੁਤਾਬਕ ਘੱਟੋ ਘੱਟ ਰਾਸ਼ੀ ਤੋਂ ਇਲਾਵਾ ਸੰਘੀ ਫੰਡਾਂ ਦਾ ਯੋਗਦਾਨ ਪਾਵਾਂ, ਕਿਉਂਕਿ ਇਕ ਕਮਿਊਨਿਸਟ ਹੋਣ ਦੇ ਨਾਤੇ... ਇਸ ਮਹਾਨ ਸ਼ਹਿਰ ਦੇ ਸਫ਼ਲ ਹੋਣ ਜਾਂ ਇਸ ਦੀ ਹੋਂਦ ਬਚਣ ਦੀ ਕੋਈ ਸੰਭਾਵਨਾ ਨਹੀਂ ਹੈ!






# ਸਿੱਖ ਸੋਸਾਇਟੀ ਕੈਲਗਰੀ ਵੱਲੋਂ ਗੁਰੂਘਰ ਦੀ ਬਿਲਡਿੰਗ ਦੇ ਵਿਸਥਾਰ ਲਈ ਫੰਡ ਇਕੱਠਾ ਕੀਤਾ ਜਾ ਰਿਹੈ




ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਕੈਲਗਰੀ ਦੇ ਸਭ ਤੋਂ ਪੁਰਾਣੇ ਗੁਰੂਘਰ ਜਿਸ ਦੀ ਸਥਾਪਨਾ 1979 ਵਿੱਚ ਹੋਈ ਸੀ,ਦੀ ਬਿਲਡਿੰਗ ਦੇ ਵਿਸਥਾਰ ਲਈ ਪੰਜਾਬੀ ਮੀਡੀਆ ਦੇ ਸਹਿਯੋਗ ਨਾਲ 9 ਨਵੰਬਰ 2025 ਵਾਲੇ ਦਿਨ ਫੰਡ ਇੱਕਠਾ ਕੀਤਾ ਜਾ ਰਿਹਾ ਹੈ। ਸਾਹਿਬ ਸ੍ਰੀ ਗੁਰੁ ਨਾਲ ਪਾਤਸਾਹ ਦਾ ਜਨਮ ਦਿਹਾੜਾ ਮਨਾਉਂਦੇ ਹੋਏ ਗੁਰੂਘਰ ਵਿਖੇ 5 ਨਵੰਬਰ ਨੂੰ ਸਾਹਿਬ ਸ੍ਰੀ ਗੁਰੁ ਗਰੰਥ ਸਾਹਿਬ ਜੀ ਦੇ ਆਖੰਡਪਾਠ ਪ੍ਰਕਾਸ ਹੋਕੇ 7 ਨਵੰਬਰ 2025 ਦਿਨ ਸ਼ੁੱਕਰਵਾਰ ਵਾਲੇ ਦਿਨ ਭੋਗ ਪਾਏ ਜਾਣਗੇ । 9 ਨਵੰਬਰ 2025 ਦਿਨ ਐਤਵਾਰ ਨੂੰ ਪੰਜਾਬੀ ਮੀਡੀਆ ਨਾਲ ਸਬੰਧਿਤ ਵੱਖੋ ਵੱਖ ਅਦਾਰਿਆਂ ਵੱਲੋਂ ਆਪੋ ਆਪਣੇ ਮੀਡੀਆ ਪਲੇਟਫਾਰਮਾਂ ਦੇ ਜ਼ਰੀਏ ਸਿੱਖ ਸੰਗਤ ਨੂੰ ਸਵੇਰੇ 9 ਵਜੇ ਤੋਂ ਲੈਕੇ ਦੇਰ ਰਾਤ ਤੱਕ ਗੁਰੂਘਰ ਲਈ ਮਾਇਆ ਦਾਨ ਕਰਨ ਦੀਆਂ ਬੇਨਤੀਆਂ ਕੀਤੀਆ ਜਾਣਗੀਆਂ । ਗੁਰੂਘਰ ਦੇ ਮੁੱਖ ਦੁਆਰ ਉੱਪਰ ਵੀ ਉਸ ਦਿਨ ਪੰਜਾਬੀ ਮੀਡੀਆ ਵੱਲੋਂ ਸਿੱਧੇ ਪ੍ਰਸਾਰਣ ਦੇ ਉਪਰਾਲੇ ਲਈ ਇੱਕ ਕਾਊਂਟਰ ਸਥਾਪਿਤ ਕੀਤਾ ਜਾਵੇਗਾ ਜਿਸ ਉੱਪਰ ਜਾਕੇ ਤੁਸੀਂ ਆਪਣੇ ਵਿਚਾਰ ਵੀ ਸਾਂਝੇ ਕਰ ਸਕਦੇ ਹੋ ਅਤੇ ਮੌਕੇ ਉੱਪਰ ਹੀ ਮਾਇਆ ਵੀ ਦਾਨ ਕਰਵਾ ਸਕਦੇ ਹੋ। ਸੋ ਤੁਸੀਂ ਵੀ ਉਸ ਦਿਨ ਜਾਂ ਉਸ ਤੋਂ ਬਾਅਦ ਵੀ 739-81 ਸਟਰੀਟ ਸਾਊਥ ਵੈਸਟ ਕੈਲਗਰੀ ਵਿਖੇ ਪਹੁੰਚਕੇ ਇਸ ਪਵਿੱਤਰ ਕਾਰਜ ਵਿੱਚ ਆਪਣਾ ਯੋਗਦਾਨ ਪਾ ਸਕਦੇ ਹੋ।

# ਕੈਲਗਰੀ ਦੀਆਂ ਬਜ਼ੁਰਗ ਔਰਤਾਂ ਵੱਲੋਂ ਦੀਵਾਲੀ ਮਨਾਉਂਦਿਆਂ ਰੰਗਾਰੰਗ ਪੇਸ਼ਕਾਰੀਆਂ ਵੀ ਕੀਤੀਆਂ ਗਈਆਂ




ਕੈਲਗਰੀ(ਪੰਜਾਬੀ ਅਖ਼ਬਾਰ ਬਿਊਰੋ) 19 ਅਕਤੂਬਰ 2025 ਨੂੰ ਕੈਲਗਰੀ ਵੋਮੈਨ ਕਲਚਰਲ ਐਸੋਸੀਏਸ਼ਨ ਦੀ ਮੀਟਿੰਗ ਜੈਨੇਸਸ ਸੈਂਟਰ ਵਿਖੇ ਭਰਵੀਂ ਹਾਜ਼ਰੀ ਵਿੱਚ ਹੋਈ।ਸਭ ਤੋਂ ਪਹਿਲਾਂ ਸਭਾ ਦੇ ਪ੍ਰਧਾਨ ਸ੍ਰੀਮਤੀ ਬਲਵਿੰਦਰ ਕੌਰ ਬਰਾੜ ਜੀ ਨੇ ਹਾਲ ਵਿੱਚ ਹਾਜ਼ਿਰ ਮੈਬਰਾਂ ਨੂੰ ਜੀ ਆਇਆਂ ਆਖਿਆ ਅਤੇ ਦੀਵਾਲੀ ਅਤੇ ਬੰਦੀ ਛੋੜ ਦਿਵਸ ਦੀਆਂ ਵਧਾਈਆਂ ਦਿੱਤੀਆਂ। 07 ਅਕਤੂਬਰ ਨੂੰ ਚੈਸਟਰਮੀਅਰ ਪਿਕਨਿਕ ਮਨਾਉਣ ਗਈਆਂ ਭੈਣਾਂ ਨੇ ਮਨਿੰਦਰ ਕੌਰ ਚਾਨੇ ਅਤੇ ਤਮੰਨਾ ਜੀ ਦੀ ਅਗਵਾਈ ਵਿੱਚ ਵਰਕਸ਼ਾਪ ਲਾਕੇ ਦੀਵੇ ਤਿਆਰ ਕੀਤੇ ਜੋ ਅੱਜ ਸਟੇਜ ਤੇ ਸੁਸ਼ੋਭਿਤ ਕੀਤੇ ਗਏ। ਫੂਡ ਕਮੇਟੀ ਵਾਲੀਆਂ ਭੈਣਾਂ ਨੇ ਥਾਲ ਵਿੱਚ ਦੀਵੇ ਸਜਾ ਕੇ ਦੀਵਾਲੀ ਦੀ ਰਾਤਿ ਦੀਵੇ ਬਾਲੀਅਨਿ ਸ਼ਬਦ ਗਾਇਆ। ਏ ਬੀ ਸੀ ਨਾਨ ਪ੍ਰੌਫਿਟ ਸੰਸਥਾ ਵੱਲੋਂ ਅਮਨਪ੍ਰੀਤ ਕੌਰ ਨੇ ਬੈਂਕ ਸੇਵਾਵਾਂ ਬਾਰੇ ਵਿਸਥਾਰ ਸਹਿਤ ਜਾਣਕਾਰੀ ਦਿੱਤੀ। ਇਸ ਤੋਂ ਬਾਅਦ ਵੀਰਪਾਲ ਕੌਰ ਨੇ ਵਾਈ ਵਾਈ ਸੀ ਹੋਮ ਕੇਅਰ ਸਰਵਿਸ ਬਾਰੇ ਜਾਣੂ ਕਰਾਇਆ। ਬਚਿੱਤਰ ਸਿੰਘ ਨੇ ਐਨ ਆਰ ਆਈਜ਼ ਦੇ ਮਸਲੇ ਹੱਲ ਕਰਵਾਉਣ ਲਈ ਅਪਣਾ ਨੁਮਾਇੰਦਾ ਚੁਣਨ ਲਈ ਵੋਟਾਂ ਬਾਰੇ ਜਾਣਕਾਰੀ ਦਿੱਤੀ। ਜਗਦੇਵ ਸਿੰਘ ਸਿੱਧੂ ਜੀ ਨੇ ਕਨੇਡਾ ਦੇ ਮੂਲ ਨਿਵਾਸੀਆਂ ਦੀ ਕੀਤੀ ਗਈ ਅਤੇ ਕੀਤੀ ਜਾ ਰਹੀ ਨਸਲਕੁਸ਼ੀ ਬਾਰੇ ਦੱਸਿਆ ਅਤੇ ਪੰਜਾਬੀਆਂ ਨੂੰ ਇਸ ਤੋਂ ਸਬਕ ਸਿੱਖਣ ਲਈ ਪ੍ਰੇਰਿਆ। ਐਮ ਐਲ ਏ ਇਰਫਾਨ ਸ਼ਾਬੀਰ ਅਤੇ ਗੁਰਿੰਦਰ ਸਿੰਘ ਬਰਾੜ ਨੇ ਵੀ ਹਾਜ਼ਰੀ ਲਗਵਾਈ। ਗੁਰਦੀਸ਼ ਕੌਰ ਗਰੇਵਾਲ ਨੇ ਸੀਨੀਅਰਜ਼ ਬਾਰੇ ਕਵਿਤਾ ਸੁਣਾਈ। ਇਸ ਤੋਂ ਬਾਅਦ ਕੁਲਦੀਪ ਕੌਰ ਘਟੌੜਾ, ਸੁਰਜੀਤ ਧੁੰਨਾ ਅਤੇ ਮੁਖਤਿਆਰ ਕੌਰ ਜੀ ਨੇ ਵਣਜਾਰਨ,ਮਾਲਣ ਅਤੇ ਗੱਡੀਆਂ ਵਾਲੀ ਬਣ ਕੇ ਅਲੋਪ ਹੋ ਚੁੱਕੇ ਸੱਭਿਆਚਾਰ ਦੀਆਂ ਝਲਕੀਆਂ ਪੇਸ਼ ਕੀਤੀਆਂ। ਰਣਜੀਤ ਕੌਰ ਲੰਮੇ ਨੇ ਗੀਤ ਗਾਇਆ।ਸਭਾ ਦੇ ਸਾਊਥ ਵਿੰਗ ਵਾਲੀਆਂ ਭੈਣਾਂ ਤਮੰਨਾ, ਪ੍ਰੋਮਿਲਾ, ਸੁਰਜੀਤ ਢਿਲੋਂ ਅਤੇ ਸਾਥਣਾਂ ਨੇ ਮੌਡਰਨ ਟੱਪੇ ਗਾਏ ਅਤੇ ਕਾਮੇਡੀ ਸਕਿੱਟ ਪੇਸ਼ ਕਰ ਕੇ ਸਰੋਤਿਆਂ ਦਾ ਮਨੋਰੰਜਨ ਕੀਤਾ। ਸਰਬਜੀਤ ਉੱਪਲ ਦੇ ਡਾਂਸ ਨੇ ਸਾਰਿਆਂ ਨੂੰ ਝੂੰਮਣ ਲਾ ਦਿੱਤਾ। ਗੁਰਨਾਮ ਕੌਰ ਅਤੇ ਗੁਰਜੀਤ ਕੌਰ ਬਵੇਜਾ ਨੇ ਖੁੱਲ੍ਹ ਰਹੇ ਬਿਰਧ ਆਸ਼ਰਮਾਂ ਵਿੱਚ ਬਜ਼ੁਰਗਾਂ ਦੀ ਹਾਲਤ ਬਾਰੇ ਸਕਿੱਟ ਪੇਸ਼ ਕਰਕੇ ਸਾਰਿਆਂ ਨੂੰ ਭਾਵਕ ਕਰ ਦਿੱਤਾ। ਅਖੀਰ ਵਿੱਚ ਜੁਗਿੰਦਰ ਪੁਰਬਾ, ਸੁਰਿੰਦਰ ਸੰਧੂ, ਜਸਮਿੰਦਰ ਬਰਾੜ, ਅਮਰਜੀਤ ਗਰੇਵਾਲ, ਬਲਵੀਰ ਗਰੇਵਾਲ, ਅਮਰਜੀਤ ਵਿਰਦੀ, ਬਲਬੀਰ ਹਜ਼ੂਰੀਆਂ, ਸੁਰਜੀਤ ਢਿਲੋਂ, ਜਸਵੀਰ ਮਾਨ, ਅਵਤਾਰ ਕੌਰ ਅਤੇ ਛਿੰਦਰ ਦਿ?ਲ ਭੈਣਾਂ ਨੇ ਗਿੱਧੇ ਦੀਆਂ ਧਮਾਲਾਂ ਪਾ ਕੇ ਸਾਰਿਆਂ ਨੂੰ ਨੱਚਣ ਲਾ ਦਿੱਤਾ।ਸਭਾ ਦੇ ਕੋਆਰਡੀਨੇਟਰ ਸ੍ਰੀਮਤੀ ਗੁਰਚਰਨ ਕੌਰ ਥਿੰਦ ਜੀ ਨੇ ਸਾਰੇ ਪ੍ਰੋਗਰਾਮ ਨੂੰ ਬਹੁਤ ਹੀ ਸੂਝ ਬੂਝ ਨਾਲ ਨੇਪਰੇ ਚਾੜ੍ਹਿਆ। ਫੂਡ ਕਮੇਟੀ ਵਾਲੀਆਂ ਭੈਣਾਂ ਨੂੰ ਸਰਟੀਫਿਕੇਟ ਦੇ ਕੇ ਸਨਮਾਨਿਤ ਕੀਤਾ ਅਤੇ ਵਧੀਆ ਦੀਵੇ ਸਜਾਉਣ ਵਾਲੀਆਂ ਭੈਣਾਂ ਨੂੰ ਤੋਹਫੇ ਵੰਡੇ। ਚਾਹ ਅਤੇ ਲੰਗਰ ਪ੍ਰਬੰਧ ਬਹੁਤ ਵਧੀਆ ਕੀਤਾ ਹੋਇਆ ਸੀ।

# ਗੁਰੂਦਵਾਰਾ ਦਸਮੇਸ ਕਲਚਰਲ ਸੈਂਟਰ ਕੈਲਗਰੀ ਦੀ ਨਵੀਂ ਪਰਬੰਧਕੀ ਕਮੇਟੀ ਨੇ ਸੰਗਤ ਸਾਹਮਣੇ ਹਿਸਾਬ ਕਿਤਾਬ ਦਾ ਲੇਖਾ ਜੋਖਾ ਰੱਖਿਆ




ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਕੈਲਗਰੀ ਦੇ ਗੁਰੂਦਵਾਰਾ ਦਸਮੇਸ ਕਲਚਰਲ ਸੈਂਟਰ ਦੀ ਅਗਲੇ ਤਿੰਨ ਸਾਲਾਂ ਲਈ ਚੁਣੀ ਗਈ ਪ੍ਰਬੰਧਕੀ ਕਮੇਟੀ ਨੇ ਸੰਗਤ ਸਾਹਮਣੇ ਆਪਣੇ ਹੱਥ ਪਿਛਲੇ ਇੱਕ ਮਹੀਨੇ ਤੋਂ ਆਏ ਹਿਸਾਬ ਕਿਤਾਬ ਦਾ ਵੇਰਵਾ ਰੱਖਿਆ । ਨਵੇਂ ਚੁਣੇ ਗਏ ਪ੍ਰਧਾਨ ਹਰਪਾਲ ਸਿੰਘ ਗਰੇਵਾਲ, ਚੇਅਰਮੈਨ ਰਣਬੀਰ ਸਿੰਘ ਪਰਮਾਰ, ਜੋਇੰਟ ਸੈਕਟਰੀ ਬਲਜੀਤ ਸਿੰਘ ਖਜਾਨਚੀ ਮਹਿੰਦਰ ਸਿੰਘ ਮਿਨਹਾਸ ਅਤੇ ਉਹਨਾਂ ਦੀ ਸਹਿਯੋਗੀ ਸਮੁੱਚੀ ਟੀਮ ਵੱਲੋਂ ਪਾਰਦਰਸਤਾ ਦੇ ਨਾਂ ਹੇਠ ਸਿੱਖ ਸੰਗਤਾਂ ਅੱਗੇ ਲੇਖਾ ਜੋਖਾ ਰੱਖਿਆ ਗਿਆ। ਮੌਕੇ ਉੱਪਰ ਮੌਜੂਦ ਸੰਗਤਾਂ ਵੱਲੋਂ ਪਿਛਲੀ ਕਮੇਟੀ ਦੇ ਬਿਆਨਾਂ ਅਤੇ ਫੈਸਲਿਆਂ ਸਬੰਧੀ ਬਹੁਤ ਸਾਰੇ ਤਿੱਖੇ ਸੁਆਲ ਕੀਤੇ ਗਏ ਜਿਹਨਾਂ ਦਾ ਮੌਜੂਦਾ ਕਮੇਟੀ ਵੱਲੋਂ ਇਹ ਆਖਕੇ ਜੁਆਬ ਦਿੱਤਾ ਕਿ ਇਸ ਬਾਰੇ ਤਾਂ ਪਿਛਲੀ ਕਮੇਟੀ ਹੀ ਜਾਣਦੀ ਹੈ। ਪਰ ਪਿਛਲੀ ਕਮੇਟੀ ਵਾਲੇ ਇਸ ਮੌਕੇ ਹਾਜਿਰ ਨਹੀਂ ਹੋਏ। ਪੰਜਾਬੀ ਮੀਡੀਆ ਨੂੰ ਇਸ ਮੌਕੇ ਸੱਦਿਆ ਤਾਂ ਗਿਆ ਪਰ ਇਸ ਚਲਦੀ ਕਾਰਵਾਈ ਦੀ ਕੋਈ ਵੀ ਰਿਕਾਰਡਿੰਗ ਜਾਂ ਫੋਟੋ ਖਿੱਚਣ ਤੋਂ ਮਨਾਹੀ ਕਰ ਦਿੱਤੀ ਗਈ। ਬਾਅਦ ਵਿੱਚ ਇੱਕ ਬੰਦ ਕਮਰਾ ਮੀਡੀਆ ਮਿਲਣੀ ਰੱਖਕੇ ਮੀਡੀਆ ਦੇ ਸੁਆਲਾਂ ਦੇ ਜੁਆਬ ਦਿੱਤੇ ਗਏ। ਮੌਜੂਦਾ ਕਮੇਟੀ ਵੱਲੋਂ ਆਉਣ ਵਾਲੇ ਦਿਨਾਂ ਵਿੱਚ ਹੋਰ ਪਾਰਦਰਸਤਾ ਸਾਹਮਣੇ ਲੈਕੇ ਆਉਣ ਦੇ ਵਾਅਦੇ ਨਾਲ ਚੇਅਰਮੈਨ ਰਣਬੀਰ ਸਿੰਘ ਪ੍ਰਮਾਰ ਦਾ ਕਹਿਣਾ ਸੀ ਕਿ ਅਸੀਂ ਭਵਿੱਖ ਵਿੱਚ ਪੂਰੀ ਤਨਦੇਹੀ ਨਾਲ ਪਾਰਦਰਸਤਾ ਰੱਖਦੇ ਹੋਏ, ਹਰ ਮਹੀਨੇ ਹਿਸਾਬ ਕਿਤਾਬ ਸੰਗਤਾਂ ਨਾਲ ਸਾਂਝਾ ਕਰਦੇ ਹੋਏ, ਮੌਜੂਦਾ ਸਮੇਂ ਗੁਰੂਘਰ ਉੱਪਰ ਆਏ ਆਰਥਿਕ ਸੰਕਟ ਨੂੰ ਦੂਰ ਕਰਕੇ ਦਿਖਾਵਾਂਗੇ। ਉਹਨਾਂ ਸਮੂਹ ਸਿੱਖ ਸੰਗਤ ਨੂੰ ਵੀ ਬੇਨਤੀ ਕੀਤੀ ਕਿ ਬੀਤੀਆਂ ਘਟਨਾਵਾਂ ਨੂੰ ਦੁਬਾਰਾ ਨਾ ਵਾਪਰਨ ਤੋਂ ਰੋਕਣ ਲਈ ਉਹ ਨਵੀਂ ਚੁਣੀ ਗਈ ਟੀਮ ਨੂੰ ਸਹਿਯੋਗ ਦੇਣ ।

# ਪੰਜਾਬੀ ਸਾਹਿਤ ਸਭਾ ਕੈਲਗਰੀ ਦੀ ਅਕਤੂਬਰ ਮਹੀਨੇ ਦੀ ਇਕੱਤਰਤਾ ਹੋਈ



ਕੈਲਗਰੀ(ਪੰਜਾਬੀ ਅਖ਼ਬਾਰ ਬਿਊਰੋ) ਪੰਜਾਬੀ ਸਾਹਿਤ ਸਭਾ ਕੈਲਗਰੀ ਦੀ ਅਕਤੂਬਰ ਮਹੀਨੇ ਦੀ ਮਾਸਿਕ ਇਕੱਤਰਤਾ ਦੌਰਾਨ ਸਭਾ ਦੇ ਜਨਰਲ ਸਕੱਤਰ ਗੁਰਦਿਆਲ ਸਿੰਘ ਖਹਿਰਾ ਨੇ ਨੌਜਵਾਨ ਗਾਇਕ ਰਾਜਬੀਰ ਜਵੰਦਾ ਦੀ ਬੇਵਕਤੀ ਮੌਤ ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ । ਉਪਰੰਤ ਸਾਹਿਤਕ ਰਚਨਾਵਾਂ ਦੇ ਦੌਰ ਵਿੱਚ ਜਰਨੈਲ ਸਿੰਘ ਤੱਗੜ ਨੇ ਸੁਰਜੀਤ ਸਿੰਘ ਸੀਤਲ ਦੀ ਇੱਕ ਰਚਨਾ, ਪਰਮਜੀਤ ਭੰਗੂ ਨੇ ਇਨਕਲਾਬੀ ਕਵੀ ਸੰਤ ਰਾਮ ਉਦਾਸੀ ਅਤੇ ਮਨਮੋਹਨ ਸਿੰਘ ਬਾਠ ਨੇ ਇੱਕ ਗੀਤ ਗਾ ਕੇ ਹਾਜਰ ਸਾਹਿਤਕਾਰਾਂ ਦਾ ਮਨੋਰੰਜਨ ਕੀਤਾ । ਪਹਿਲੀ ਵਾਰ ਆਏ ਸੋਹਣ ਸਿੰਘ ਭੁੱਚੋ ਨੇ ਆਪਣੀਆਂ ਕੁਝ ਰਚਨਾਵਾਂ ਦੇ ਮੁੱਖੜੇ ਅਤੇ ਇੱਕ ਸਲਾਹੁਣਯੋਗ ਗੀਤ ਸੁਣਾਇਆ । ਇਸ ਤੋਂ ਇਲਾਵਾ ਉਹਨਾਂ ਨੇ ਜੀਵਨ ਦੀਆਂ ਤੰਗੀਆਂ-ਤੁਰਸ਼ੀਆਂ ਅਤੇ ਤਲਖ਼ ਹਕੀਕਤਾਂ ਦਾ ਵਰਨਣ ਕੀਤਾ । ਅੰਗਰੇਜ਼ ਸਿੰਘ ਸੀਤਲ, ਸੁਰਿੰਦਰ ਸਿੰਘ ਢਿੱਲੋਂ,ਸਭਾ ਦੇ ਖ਼ਜ਼ਾਨਚੀ ਮਨਜੀਤ ਬਰਾੜ,ਜੀਰ ਸਿੰਘ ਬਰਾੜ ਹੋਰਾਂ ਦੀਆਂ ਮੰਚ ਉਪਰੋਂ ਪੇਸ਼ਕਾਰੀਆਂ ਤੋਂ ਇਲਾਵਾ ਗੁਰਦਿਆਲ ਸਿੰਘ ਖਹਿਰਾ ਨੇ ਸੁਰਿੰਦਰ ਗੀਤ ਦੀ ਰਚਨਾ ‘ਚੋਗ ਟਿਕ ਕੇ ਤਲੀਆਂ ਉੱਤੇ, ਪੰਛੀ ਕੋਲ ਬੁਲਾਇਆ ਮੈਂ” ਤਰੰਨਮ ਵਿੱਚ ਸੁਣਾਈ । ਅੰਤ ਵਿੱਚ ਗਿੱਲ ਸੁਖਮੰਦਰ ਨੇ ਆਪਣੇ ਦੋ ਗੀਤ ‘ਬਾਹਰ ਬਰੂਹਾਂ ਤੇ ਰੱਖ ਦੀਵੇ ਜਾਵੇਂ ਜਗਾਈ ’ ਅਤੇ ‘ਯਾਦਾਂ ਦਿਲ ’ਚੋਂ ਭੁਲਾਈਆਂ ਮੈਂ ਮਰ ਮਰ’ ਕੇ ਸੁਣਾਏ । ਜਗਦੇਵ ਸਿੱਧੂ ਨੇ ਸੁਰਿੰਦਰ ਗੀਤ ਦੇ ਦੋ ਨਵੀਆਂ ਛਪੀਆਂ ਪੁਸਤਕਾਂ ‘ਰੰਗਾਂ ਦੀ ਖੇਡ’ ਤੇ ਪੰਜਾਬੀ ਤੋਂ ਅੰਗਰੇਜ਼ੀ ਵਿਚ ਅਨੁਵਾਦਤ ਕਵਿਤਾਵਾਂ ਦੀ ਕਿਤਾਬ ‘ਤੇ ਚਰਚਾ ਕੀਤੀ । ਪ੍ਰਿਤਪਾਲ ਸਿੰਘ ਨੇ ਸਾਈਬਰ ਸਿਸਟਮ ਬਾਰੇ ਜਾਣਕਾਰੀ ਦਿੱਤੀ । ਅਗਲੇ ਮਹੀਨੇ ਦੀ ਇਕੱਤਰਤਾ 30 ਨਵੰਬਰ ਨੂੰ ਬਾਦ ਦੁਪਹਿਰ ਦੋ ਵਜੇ ਕੋਸੋ ਹਾਲ ਵਿੱਚ ਹੋਵੇਗੀ । ਸਭ ਸਾਹਿਤਕ ਪ੍ਰੇਮੀਆਂ ਨੂੰ ਆਉਣ ਦਾ ਖੁੱਲ੍ਹਾ ਸੱਦਾ ਦਿੱਤਾ ਜਾਂਦਾ ਹੈ ।


ਆਪਣੇ ਫੋਨ ਵਿੱਚ ਪੰਜਾਬੀ ਅਖ਼ਬਾਰ ਦੀ ਐਪ ਫਰੀ ਡਾਊਨ ਲੋਡ ਕਰੋ
App Store
Play Store









# ਗਲੋਬਲ ਪਰਵਾਸੀ ਸੀਨੀਅਰਜ਼ ਸੁਸਾਇਟੀ ਵਾਲਿਆਂ ਨੇ ਦਿਵਾਲੀ ਦਾ ਤਿਓਹਾਰ ਮਨਾਇਆ



ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਬੀਤੀ 19 ਅਕਤੂਬਰ 2025 ਵਾਲੇ ਦਿਨ ਕੈਲਗਰੀ ਦੇ ਵਾਈਟਹਾਰਨ ਕਮਿਓਨਿਟੀ ਦੇ ਖਚਾਖਤ ਭਰੇ ਹਾਲ ਅੰਦਰ ਗਲੋਬਲ ਪਰਵਾਸੀ ਸੀਨੀਅਰਜ਼ ਸੁਸਾਇਟੀ ਵਾਲਿਆਂ ਨੇ ਦਿਵਾਲੀ ਦਾ ਤਿਓਹਾਰ ਮਨਾਇਆ। ਇਸ ਮੌਕੇ ਮੰਚ ਉੱਪਰੋਂ ਕੈਲਗਰੀ ਦੇ ਰੇਡੀਓ ਰੈਡ ਐਫ ਐਮ ਦੇ ਨਿਊਜ ਡਾਇਰੈਕਟਰ ਰਿਸ਼ੀ ਨਾਗਰ, ਅਮਰਜੀਤ ਰੱਖੜਾ, ਮਨਦੀਪ ਕੌਰ, ਦਲਜੀਤ ਸਿੰਘ, ਮਨਦੀਪ ਕੌਰ ਸੇਖੋਂ,ਨੇ ਆਪਣੇ ਵਿਚਾਰ ਰੱਖੇ। ਵਿਜੇ ਸਚਦੇਵਾ ਦੀ ਕਵਿਤਾ ਅਤੇ ਨਾਟਕੀ ਅੰਦਾਜ਼ ਨੇ ਲੋਕਾਂ ਨੂੰ ਤਾੜੀਆਂ ਮਾਰਨ ਲਈ ਮਜ਼ਬੂਰ ਕਰ ਦਿੱਤਾ। ਜਰਨੈਲ ਐਲੋਂ ਦੀ ਬੁਲੰਦ ਆਵਾਜ਼ ਨੇ ਸੰਗੀਤਮਈ ਮਾਹੌਲ ਸਿਰਜਿਦਿਆਂ ਆਪਣੇ ਲਈ ਤਾੜੀਆਂ ਦੀ ਗੜਗੜਾਹਟ ਖੱਟੀ। ਹਮੇਸਾਂ ਦੀ ਤਰਾਂ ਸਪਾਂਸਰ ਬੱਲ ਪਰਿਵਾਰ ਦੀ ਹਜ਼ਿਰੀ ਇਸ ਸਮਾਗਮ ਨੂੰ ਮਾਣ ਦੇ ਰਹੀ ਸੀ।

ਖਾਣ ਪੀਣ ਦਾ ਬਹੁਤ ਹੀ ਸੁਚੱਜਾ ਪਰਬੰਧ ਇਸ ਰਸਮਈ ਸ਼ਾਮ ਨੂੰ ਸਾਮ ਸੰਧੂਰੀ ਦਾ ਰੰਗ ਵੀ ਚਾੜ੍ਹ ਰਿਹਾ ਸੀ। ਪਰੋਗਰਾਮ ਦੇ ਆਖੀਰ ਵਿੱਚ ਭੰਗੜਾ ਅਤੇ ਡਾਂਸ ਨਾਲ ਸਮਾਪਤੀ ਵਾਲੇ ਪਲਾਂ ਵਿੱਚ ਬਦਲ ਗਏ। ਸੰਸਥਾ ਦੇ ਸੰਸਥਾਪਕ ਅਤੇ ਮੌਜੂਦਾ ਪ੍ਰਧਾਨ ਸੱਤਪਾਲ ਕੌਸ਼ਿਲ ਦੀ ਸੁਚੱਜੀ ਅਗਵਾਈ ਹੇਠ ਇਸ ਸੰਸਥਾ ਵੱਲੋਂ ਹਰ ਸਾਲ ਵਿਸਾਖੀ ਅਤੇ ਦਿਵਾਲੀ ਦੇ ਤਿਓਹਾਰ ਵੱਡੇ ਪੱਧਰ ਉੱਪਰ ਮਨਾਏ ਜਾਂਦੇ ਹਨ ਤਾਂ ਕਿ ਬਜੁਰਗਾਂ ਨੂੰ ਆਪਣੀ ਧਰਤੀ ਤੋਂ ਵੱਖ ਹੋਕੇ ਆਪਣੇ ਤਿਓਹਾਰਾਂ ਦਾ ਹੇਰਬਾ ਮਹਿਸੂਸ ਨਾ ਹੋਵੇ ਅਤੇ ਉਹ ਆਪਣੀ ਇਸ ਕਰਮ ਭੂਮੀ ਕਨੇਡਾ ਨੂੰ ਆਪਣੀ ਜਨਮਭੂਮੀ ਵਰਗੀ ਮਹਿਸੂਸ ਕਰਦੇ ਹੋਏ ਆਪਣੀ ਜ਼ਿੰਦਗੀ ਦੇ ਅਖੀਰਲੇ ਪਲਾਂ ਨੂੰ ਸੁਖਨਮਈ ਮਾਣ ਸਕਣ।

# ਸਾਊਥ ਕੈਲਗਰੀ ਸੀਨੀਅਰਜ਼ ਕਲਚਰਲ ਸੋਸਾਇਟੀ ਨੇ ਦੀਵਾਲੀ ਅਤੇ ਬੰਦੀ ਛੋੜ ਦਿਵਸ ਮੌਕੇ ਚਿਲਡਰਨ ਹਸਪਤਾਲ ਲਈ ਫੰਡ ਇਕੱਠਾ ਕੀਤਾ



ਕੈਲਗਰੀ(ਪੰਜਾਬੀ ਅਖ਼ਬਾਰ ਬਿਊਰੋ) 17 ਅਕਤੂਬਰ, 2025 ਸਾਊਥ ਕੈਲਗਰੀ ਸੀਨੀਅਰਜ਼ ਕਲਚਰਲ ਸੋਸਾਇਟੀ ਨੇ ਮੈਕੈਂਜ਼ੀ ਲੇਕ ਬੀਚ ਕਲੱਬ ਦੇ ਕਿਨਾਰਿਆਂ ਨੂੰ ਆਪਣੇ ਦੂਜੇ ਸਾਲਾਨਾ ਦੀਵਾਲੀ ਅਤੇ ਬੰਦੀ ਛੋੜ ਦਿਵਸ ਮੌਕੇ ਇੱਕ ਸਮਾਗਮ ਕੀਤਾ ਜਿਸ ਵਿੱਚ ਸੱਭਿਆਚਾਰ, ਸੰਗੀਤ ਅਤੇ ਭਾਈਚਾਰਕ ਸਾਂਝ ਨਾਲ ਭਰੀ ਹੋਈ ਸ਼ਾਮ ਦੌਰਾਨ 72 ਤੋਂ ਵੱਧ ਮੈਂਬਰ ਅਤੇ ਮਹਿਮਾਨ ਸ਼ਾਮਿਲ ਹੋਏ। ਸੋਸਾਇਟੀ ਦੇ ਡਾਇਰੈਕਟਰ ਬਲਜਿੰਦਰ ਸਿੰਘ ਢਿੱਲੋਂ ਨੇ ਅੱਗ ਸੁਰੱਖਿਆ ਨਿਰਦੇਸ਼ਾਂ, ਇੱਕ ਦੀਵਾਲੀ ਸੰਦੇਸ਼ ਅਤੇ ਨਵੇਂ ਸੋਸਾਇਟੀ ਮੈਂਬਰਾਂ ਅਤੇ ਮਹਿਮਾਨਾਂ ਦੀ ਜਾਣ-ਪਛਾਣ ਨਾਲ ਸਮਾਗਮ ਦੀ ਸ਼ੁਰੂਆਤ ਕੀਤੀ। ਇਸ ਤੋਂ ਪਹਿਲਾਂ ਕਿ ਉਹ ਪਿਊਸ਼ ਅਤੇ ਮੋਨਿਕਾ ਅਗਰਵਾਲ ਨੂੰ ਸੱਭਿਆਚਾਰਕ ਪ੍ਰਦਰਸ਼ਨ ਪੇਸ਼ ਕਰਨ ਲਈ ਸੱਦਾ ਦੇਣ ਉਨ੍ਹਾਂ ਨੇ ਸੋਸਾਇਟੀ ਦੇ ਪ੍ਰਧਾਨ ਰਮੇਸ਼ ਸ਼ਰਮਾ ਨੂੰ ਮੰਚ ਉੱਪਰ ਆਉਣ ਲਈ ਸੱਦਾ ਦਿੱਤਾ। ਰਮੇਸ਼ ਸ਼ਰਮਾ ਨੇ ਸੰਧੀ 7 ਦੇ ਤਹਿਤ ਆਦਿਵਾਸੀ ਧਰਤੀ ਨੂੰ ਮਾਨਤਾ ਦਿੱਤੀ, ਹਿੰਦੂਆਂ, ਸਿੱਖਾਂ, ਹੋਰ ਧਰਮਾਂ ਲਈ ਦੀਵਾਲੀ ਅਤੇ ਬੰਦੀ ਛੋੜ ਦਿਵਸ ਦੀ ਅਧਿਆਤਮਿਕ ਮਹੱਤਤਾ ਸਾਂਝੀ ਕੀਤੀ ਅਤੇ ਪ੍ਰੋਗਰਾਮ ਦੇ ਸਪਾਂਸਰਾਂ ਨੂੰ ਪ੍ਰਸ਼ੰਸਾ ਪੱਤਰਾਂ ਨਾਲ ਸਨਮਾਨਿਤ ਕੀਤਾ।ਸੁਰਬੀ ਸ਼ੀਲ ਨੇ ਦਰਸ਼ਕਾਂ ਨੂੰ ਆਪਣੇ ਨਾਲ ਹਿੰਦੀ ਗੀਤ ਗਾ ਕੇ ਆਪਣੇ ਨਾਲ ਜੋੜਿਆ। ਜਰਨੈਲ ਤੱਗੜ ਨੇ ਇੱਕ ਕਵਿਤਾ ਸੁਣਾਈ, ਅਤੇ ਹੋਰ ਮੈਂਬਰਾਂ ਨੂੰ ਆਪਣੀ ਪ੍ਰਤਿਭਾ ਦਿਖਾਉਣ ਲਈ ਸੱਦਾ ਦਿੱਤਾ ਗਿਆ। ਗੁਜਰਾਤੀ ਮੈਂਬਰਾਂ ਨੇ ਗਰਬਾ ਡਾਂਸ ਪੇਸ਼ ਕੀਤਾ। ਡੀਜੇ ਰਘੂ ਰਾਏ ਨੇ ਡਾਂਸ ਫਲੋਰ ਨੂੰ ਪੰਜਾਬੀ ਸੰਗੀਤ ਨਾਲ ਗੂੰਜਦਾ ਰੱਖਿਆ, ਸੀਨੀਅਰਾਂ ਅਤੇ ਨੌਜਵਾਨਾਂ ਨੂੰ ਖੁਸ਼ੀ ਦੇ ਜਸ਼ਨ ਮੌਕੇ ਨੱਚਣ ਲਈ ਮਜ਼ਬੂਰ ਕਤਿਾ। ਇਸ ਮੌਕੇ ਅਲਬਰਟਾ ਚਿਲਡਰਨ ਹਸਪਤਾਲ ਲਈ $615 ਵੀ ਇਕੱਠੇ ਕੀਤੇ। ਸਮਾਗਮ ਦੇ ਆਖਿਰ ਵਿੱਚ ਇੱਕ ਸੁਆਦੀ ਡਿਨਰ ਨਾਲ ਹੋਇਆ,

# ਇੰਕਾ ਸੀਨੀਅਰ ਸਿਟੀਜਨ ਸੁਸਾਇਟੀ ਵੱਲੋਂ ਦਿਵਾਲੀ ਅਤੇ ਬੰਦੀ ਛੋੜ ਦਿਵਸ ਮਨਾਉਂਦਿਆਂ ਪਟਾਕੇ ਚਲਾਉਣ ਦੀ ਨਿਖੇਧੀ ਕੀਤੀ ਗਈ




ਕੈਲਗਰੀ (ਪੰਜਾਬੀ ਅਖਬਾਰ ਬਿਊਰੋ) ਬੀਤੇ ਦਿਨੀ ਇੰਕਾ ਸੀਨੀਅਰ ਸਿਟੀਜਨ ਸੋਸਾਇਟੀ ਵੱਲੋਂ ਦਿਵਾਲੀ ਅਤੇ ਬੰਦੀ ਛੋੜ ਦਿਵਸ ਸੋਸਾਇਟੀ ਦੇ ਹਾਲ ਵਿੱਚ ਮਨਾਉਣ ਲਈ ਇਕੱਤਰਤਾ ਹੋਈ। ਪ੍ਰੋਗਰਾਮ ਦੇ ਆਰੰਭ ਵਿੱਚ ਮੇਜਰ ਸਿੰਘ ਧਾਲੀਵਾਲ ਨੇ ਸਾਰੇ ਆਏ ਹੋਇਆਂ ਨੂੰ ਦਿਵਾਲੀ ਅਤੇ ਬੰਦੀ ਛੋੜ ਦਿਵਸ ਦੀ ਵਧਾਈ ਦਿੱਤੀ । ਪ੍ਰਿੰਸੀਪਲ ਸਤਪਾਲ ਕੌਸ਼ਿਲ ਨੇ ਦਿਵਾਲੀ ਦੇ ਇਤਿਹਾਸ ਬਾਰੇ ਦੱਸਿਆ ਉਹਨਾਂ ਕਿਹਾ ਕਿ ਪਟਾਕੇ ਜਿੱਥੇ ਵਾਤਾਵਰਨ ਦੂਸ਼ਿਤ ਕਰਦੇ ਹਨ ਉੱਥੇ ਉਹ ਨੁਕਸਾਨ ਵੀ ਕਰਦੇ ਹਨ । ਮਲਕੀਤ ਸਿੰਘ ਸਿੱਧੂ ਨੇ ਦੋ ਕਵਿਤਾਵਾਂ ਬਜੁਰਗਾਂ ਦੀਆਂ ਸਰਗਰਮੀਆਂ ਬਾਰੇ ਅਤੇ ਦੂਜੀ ਮਿੱਤਰਾਂ ਬਿਨਾਂ ਜ਼ਿੰਦਗੀ ਅਧੂਰੀ ਹੈ, ਸੁਣਾਈਆਂ। ਬਿੱਕਰ ਸਿੰਘ ਸੰਧੂ ਨੇ ਇੰਕਾ ਸੰਸਥਾ ਨੂੰ ਹੋਰ ਬਿਹਤਰ ਬਣਾਉਣ ਲਈ ਅਹਿਮ ਗੱਲਾਂ ਕੀਤੀਆਂ ਅਤੇ ਉਨਾਂ ਜੀਵਨ ਦੇ ਭਲੇ ਲਈ ਪ੍ਰੇਰਣਾ ਦਿੱਤੀ। ਮਾਸਟਰ ਬਚਿੱਤਰ ਸਿੰਘ ਗਿੱਲ ਹੋਰਾਂ ਨੇ ਸ਼੍ਰੋਮਣੀ ਕਵੀਸ਼ਰ ਕਰਨੈਲ ਸਿੰਘ ਪਾਰਸ ਦੀ ਵਡਮੁੱਲੀ ਰਚਨਾ "ਜਾਂਦੀ ਵਾਰੀ ਦੀ, ਦੇ ਦੇ ਪੂਰਨ ਪੁੱਤ ਨੂੰ ਲੋਰੀ" ਕਵੀਸ਼ਰੀ ਸੁਣਾ ਕੇ ਚੰਗਾ ਰੰਗ ਬੰਨਿਆ। ਉਹਨਾਂ ਕਿਹਾ ਕਿ ਗਲਤ ਅਨਸਰ ਸਾਡੇ ਸਮਾਜ ਦੇ ਅਕਸ਼ ਨੂੰ ਖਰਾਬ ਕਰ ਰਹੇ ਹਨ। ਪਟਾਕੇ ਚਲਾਉਣ ਕਰਕੇ ਕੈਲਗਰੀ ਵਿੱਚ ਇੱਕ ਪਿਕਅਪ ਟਰੱਕ ਅਤੇ ਐਡਮਿੰਟਨ ਵਿੱਚ ਦੋ ਘਰ ਨੁਕਸਾਨੇ ਗਏ ਹਨ। ਸਾਨੂੰ ਚਾਹੀਦਾ ਹੈ ਕਿ ਅਸੀਂ ਆਪਣੇ ਬੱਚਿਆਂ ਨੂੰ ਅਜਿਹੀਆਂ ਆਪ ਹੁਦਰੀਆਂ ਕਾਰਵਾਈਆਂ ਕਰਨ ਤੋਂ ਸਮਝਾਈਏ। ਪ੍ਰੋਗਰਾਮ ਦੇ ਆਖੀਰ ਵਿੱਚ ਉਪ ਪ੍ਰਧਾਨ ਸੁਰਮਖ ਸਿੰਘ ਕੂਨਰ ਨੇ ਸਭ ਆਏ ਹੋਇਆਂ ਦਾ ਸ਼ੁਕਰੀਆ ਅਦਾ ਕੀਤਾ। ਚਾਹ ਪਾਣੀ ਦੇ ਪ੍ਰਬੰਧ ਦੀ ਸੇਵਾ ਦਰਸ਼ਨ ਸਿੰਘ ਔਲਖ, ਸੁਰਮਖ ਸਿੰਘ ਕੂਨਰ, ਮੋਠਾ ਰਾਮ ਸ਼ਰਮਾ,ਕੁਲਵੀਰ ਸਿੰਘ,ਅਤੇ ਠਾਣਾ ਸਿੰਘ ਗਿੱਲ ਨੇ ਨਿਭਾਈ।

# ਇੱਕਾ ਸੋਸਾਇਟੀ ਵਾਲਿਆਂ ਨੇ ਆਪਣੇ ਵਿਛੜੇ ਸਾਥੀ ਮੋਹਨ ਸਿੰਘ ਸਿੱਧੂ ਨੂੰ ਸ਼ਰਧਾਂਜਲੀ ਦਿੱਤੀ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਬੀਤੀ 18 ਅਕਤੂਬਰ 2025 ਨੂੰ ਇੰਡੋ ਕਨੇਡੀਅਨ ਕਮਿਊਨਿਟੀ ਐਸੋਸੀਏਸ਼ਨ ਜਿਸ ਨੂੰ ਇੱਕਾ ਦੇ ਨਾਮ ਨਾਲ ਵੀ ਜਾਣਿਆ ਜਾਂਦਾ ਹੈ, ਨੇ ਆਪਣਾ ਸਾਲਾਨਾ ਇਜਲਾਸ ਬੁਲਾ ਕੇ ਜਿੱਥੇ ਬੀਤੇ ਸਾਲ ਦਾ ਲੇਖਾ ਜੋਖਾ ਕੀਤਾ, ਉੱਥੇ ਨਾਲ ਦੀ ਨਾਲ ਹੀ ਆਪਣੀ ਸੰਸਥਾ ਦੇ ਮੈਂਬਰ ਅਤੇ ਵਿਛੜੇ ਸਾਥੀ ਸਰਦਾਰ ਮੋਹਨ ਸਿੰਘ ਸਿੱਧੂ ਨੂੰ ਸ਼ਰਧਾਂਜਲੀ ਦਿੱਤੀ। ਸੰਸਥਾ ਦੇ ਪ੍ਰਦਾਨ ਸੇਵਾ ਸਿੰਘ ਪ੍ਰੇਮੀ ਨੇ ਆਪਣੇ ਮੈਂਬਰਾਂ ਨਾਲ ਮੋਹਨ ਸਿੰਘ ਸਿੱਧੂ ਸਬੰਧੀ ਸੋਗਮਈ ਖਬਰ ਸਾਂਝੀ ਕਰਦਿਆਂ ਦੱਸਿਆ ਕਿ ਸਿੱਧੂ ਸਾਹਿਬ ਬੀਤੇ ਦਿਨੀ ਬ੍ਰਿਟਿਸ਼ ਕਲੰਬੀਆ ਸੂਬੇ ਵਿੱਚ ਇਸ ਫਾਨੀ ਸੰਸਾਰ ਨੂੰ ਅਲਵਿਦਾ ਆਖ ਗਏ ਹਨ । ਉਹ ਬੀਤੇ 26 ਸਾਲ ਤੋਂ ਇੱਥੇ ਕੈਲਗਰੀ ਵਾਸੀਆਂ ਨੂੰ ਆਪਣੀਆਂ ਸੇਵਾਵਾਂ ਦਿੰਦੇ ਰਹੇ ਸਨ। ਉਹ ਡੋਮੈਂਸ਼ੀਆ ਜਿਹੀ ਲਾ ਇਲਾਜ ਬਿਮਾਰੀ ਦਾ ਸ਼ਿਕਾਰ ਹੋ ਕੇ ਸਾਥੋਂ ਜੁਦਾ ਹੋ ਗਏ ਹਨ। ਸਿੱਧੂ ਸਾਹਿਬ ਦੇ ਪਰਿਵਾਰ ਨੂੰ ਤਾਂ ਉਹਨਾਂ ਦੇ ਜਾਣ ਨਾਲ ਵੱਡਾ ਘਾਟਾ ਪਿਆ ਹੀ ਹੈ ਸਗੋਂ ਸਾਡੇ ਪੰਜਾਬੀ ਭਾਈਚਾਰੇ ਨੂੰ ਵੀ ਬਹੁਤ ਵੱਡਾ ਘਾਟਾ ਪਿਆ ਹੈ। ਅਸੀਂ ਉਹਨਾਂ ਦੇ ਬੀਤੇ ਸਮੇਂ ਦੌਰਾਨ ਕੀਤੇ ਸਲਾਂਘਾਯੋਗ ਕੰਮਾਂ ਨੂੰ ਯਾਦ ਕਰਦੇ ਹਾਂ ਅਤੇ ਕਰਦੇ ਰਹਾਂਗੇ।

ਦੁਨੀਆਂ ਤਾਂ ਇੱਕ ਮੇਲਾ ਹੈ, ਕੋਈ
ਤੁਰ ਜਾਂਦਾ ਕੋਈ ਆ ਜਾਂਦਾ ।
ਕੋਈ ਫੁੱਲਾਂ ਨਾਲ ਵੀ ਖੁਸ਼ ਨਹੀਂ,
ਕੋਈ ਕੰਡਿਆਂ ਨਾਲ ਨਿਭਾ ਜਾਂਦਾ।
ਕੋਈ ਖੁਸ਼ੀਆਂ ਮਨਾਉਂਦਾ ਨਹੀਂ
ਥੱਕਦਾ,ਕੋਈ ਦੁੱਖਾਂ ਵਿੱਚ ਉਮਰ
ਲੰਘਾ ਜਾਂਦਾ ।
ਕੋਈ ਪਲ ਦੇ ਵਿੱਚ ਦਿਲ ਤੋੜ
ਜਾਂਦਾ,ਕੋਈ ਸਾਂਝ ਉਮਰਾਂ ਦੀ ਪਾ
ਜਾਂਦਾ।



ਇੱਕ ਮਿੰਟ ਦਾ ਮੌਨ ਧਾਰਨ ਕਰਕੇ ਸਾਰੇ ਮੈਂਬਰਾਂ ਨੇ ਉਹਨਾਂ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ। ਇੱਕਾ ਦੇ ਸਾਲਾਨਾ ਇਜਲਾਸ ਸਬੰਧੀ ਸੇਵਾ ਸਿੰਘ ਪ੍ਰੇਮੀ ਨੇ ਦੱਸਿਆ ਕਿ ਪੈਸੇ ਦਾ ਲੇਖਾ ਜੋਖਾ ਆਮਦਨ ਤੇ ਖਰਚੇ ਦੇ ਬਾਰੇ ਜਾਣਕਾਰੀ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਅਸੀਂ ਟੈਕਸ ਰਿਟਰਨ ਜੋ ਭਰਦੇ ਹਾਂ ਉਹ ਰੈਵਨਿਊ ਕਨੇਡਾ ਅਤੇ ਕਾਰਪੋਰੇਟ ਰਜਿਸਟਰੀ ਨੂੰ ਠੀਕ ਸਮੇਂ ਸਿਰ ਭੇਜੀਆਂ ਜਾ ਚੁੱਕੀਆਂ ਹਨ। ਉਹਨਾਂ ਆਪਣੀ ਨੌ ਮੈਂਬਰੀ ਕੌਂਸਲ ਦਾ ਵੀ ਧੰਨਵਾਦ ਕੀਤਾ ਜੋ ਕਿਸੇ ਵੀ ਗਰਾਂਟ ਨਾ ਮਿਲਣ ਦੇ ਬਾਵਜੂਦ ਮਿਹਨਤ ਕਰਕੇ ਐਸੋਸੀਏਸ਼ਨ ਦਾ ਖਰਚਾ ਚਲਾ ਰਹੇ ਹਨ । ਆਉਣ ਵਾਲੇ ਦਿਨਾਂ ਵਿੱਚ 11 ਨਵੰਬਰ ਨੂੰ ਰਿਮਬਰਸ ਡੇ ਮਨਾਉਣ ਸਬੰਧੀ ਜਾਣਕਾਰੀ ਵੀ ਸਾਂਝੀ ਕੀਤੀ ਗਈ। ਪ੍ਰੋਗਰਾਮ ਦੇ ਆਖਰ ਵਿੱਚ ਜਰਨੈਲ ਤੱਗੜ, ਜਗਦੀਸ਼ ਕੌਰ ਸਰੋਆ, ਹਰਚੰਦ ਸਿੰਘ, ਬਲਵਿੰਦਰ ਬਿਰਦੀ, ਲਖਵਿੰਦਰ ਮਾਨ ਅਤੇ ਹੋਰਾਂ ਨੇ ਮੋਹਨ ਸਿੰਘ ਸਿੱਧੂ ਨੂੰ ਚੇਤੇ ਕਰਦਿਆਂ ਆਪਣੀਆਂ ਰਚਨਾਵਾਂ ਰਾਹੀਂ ਸ਼ਰਧਾਂਜਲੀ ਦਿੱਤੀ।














ਸਾਨੂੰ ਤੁਹਾਡੇ ਵਰਗੇ ਹੋਰ ਪਾਲਕ ਮਾਪਿਆਂ ਦੀ ਲੋੜ ਹੈ
ਸਾਨੂੰ ਤੁਹਾਡੇ ਵਰਗੇ ਹੋਰ ਪਾਲਕ ਦੇਖਭਾਲ ਕਰਤਿਆਂ ਲੋੜ ਹੈ।
ਜਦੋਂ ਤੁਸੀ ਕਸਿ ਬੱਚੇ ਦੀ ਦੇਖਭਾਲ ਕਰਦੇ ਹੋ ਅਤੇ ਉਹ ਆਪਣੇ ਪਰਵਿਾਰ, ਕਮਉਿਨਟਿੀ ਅਤੇ ਸੱਭਆਿਚਾਰ ਨਾਲ ਜੁੜੇ ਰਹਦਿੇ ਹਨ, ਤਾਂ ਤੁਸੀ ਕੇਵਲ ਉਨ੍ਹਾਂ ਦਾ ਭਵੱਖਿ ਹੀ ਨਹੀ ਬਦਲਦੇ, ਸਗੋਂ ਆਉਣ ਵਾਲੀਆਂ ਪੀੜ੍ਹੀਆਂ ਦਾ ਭਵੱਖਿ ਵੀ ਬਦਲ ਦਦਿੇ ਹੋ।
ਵਧੇਰੇ ਜਾਣੋ
Alberta.ca/FosterCaregivers
Alberta





ਏਅਰਡਰੀ ਵਿੱਚ ਨਵੀਂ ਕਮਿਓਨਿਟੀ ਆ ਰਹੀ ਹੈ
ਵੈਂਟੇਜ ਰਾਈਜ਼ ਵਿੱਚ ਰਹਿੰਦਿਆਂ ਬਿਹਤਰ ਜੀਵਨ ਸ਼ੈਲੀ ਵਿੱਚ ਵਾਧਾ
ਪਹਿਲੇ ਘਰ ਖਰੀਦਣ ਵਾਲੇ ਬਣੋ ਅਤੇ ਲਵੋ
$2,000
ਫਰਨੀਚਰ ਜਾਂ ਲੈਂਡ ਸਕੇਪਿੰਗ ਲਈ*
MASTER-PLANNED IN 4 PHASES
160 ACRES OF SCENIC LIVING
~1,200 BEAUTIFUL HOMES
12.25-ACRE COMMERCIAL SITE
15-ACRE ACTIVE OUTDOOR SPACE
ਕੁਦਰਤੀ ਸੁੰਦਰਤਾ 'ਤੇ ਸ਼ਹਿਰੀ ਜੀਵਨਸ਼ੈਲੀ ਦਾ ਆਨੰਦ ਮਾਣੋ
VANTAGE RISE
ਜਿੱਥੋਂ ਪਹਾੜੀਆਂ ਦੇ ਨਜ਼ਾਰੇ ਵੀ ਨਜ਼ਰੀ ਪੈਂਦੇ ਹੋਣ! ਹਰ ਰੋਜ਼ ਚੜਦਾ ਅਤੇ ਛਿੱਪਦਾ ਸੂਰਜ ਮੱਥੇ ਲੱਗਦਾ ਹੋਵੇ! ਪੰਜਾਬ ਦੇ ਪਿੰਡਾਂ ਵਰਗੀ ਸਾਂਤੀ ਹੋਵੇ! ਪਰ ਰੋਜ਼ ਦੀਆਂ ਸਾਰੀਆਂ ਸਹਿਰ ਵਰਗੀਆਂ ਸਹੂਲਤਾਂ ਤੁਹਾਡੇ ਘਰ ਦੇ ਨੇੜੇ ਹੀ ਮਿਲਦੀਆਂ ਹੋਣ ਤਾਂ ਅਜਿਹੇ ਘਰ ਵੈਂਟੇਜ ਰਾਈਜ਼ ਏਅਰਡਰੀ ਦੇ ਸਾਊਥ ਵੈਸਟ ਕੋਨੇ ਵਿੱਚ ਸਥਿੱਤ ਹਨ।
liveinvantagerise.com
567
2
Yankee Valley Blvd
Range Rd 13
24 St SW
to Calgary
*Only the first 30 firm sales in Vantage Rise as of September 29, 2025 are eligible. Gift certificates will be provided and redeemable post-possession date.
WE CREATE LEGACY COMMUNITIES THAT INSPIRE PRIDE, ENRICH LIVES AND ENDURE IN VALUE.
QUALICO communities




ਸ਼ੋਅ ਹੋਮ ਹੁਣ ਖੁੱਲ ਚੁੱਕੇ ਹਨ
New Homes from the $480s
ਨੋਜ਼ ਕ੍ਰੀਕ ਦੇ ਨਾਲ ਸਥਿੱਤ ਅਤੇ ਰੋਜ਼ਾਨਾ ਜ਼ਰੂਰੀ ਵਰਤੋਂ ਦੀਆਂ ਲੋੜੀਂਦੀਆਂ ਚੀਜ਼ਾਂ ਤੋਂ ਕੁੱਝ ਮਿੰਟਾਂ ਦੀ ਦੂਰੀ 'ਤੇ, ਕੀਸਟੋਨ ਕ੍ਰੀਕ ਉੱਤਰੀ ਕੈਲਗਰੀ ਦਾ ਸਭ ਤੋਂ ਵਧੀਆ ਗੁਪਤ ਸਥਾਨ ਹੈ। ਸਟੋਨੀ ਟ੍ਰੇਲ ਅਤੇ ਡੀਅਰਫੁੱਟ ਟ੍ਰੇਲ - ਉਰਫ਼ ਕੈਲਗਰੀ ਦੀਆਂ ਤੇਜ਼ ਲੇਨਾਂ ਤੱਕ ਆਸਾਨ ਪਹੁੰਚ ਦਾ ਆਨੰਦ ਮਾਣੋ - ਕਿਤੇ ਵੀ ਜਾਣ ਲਈ। ਸਵੇਰ ਦਾ ਸਫ਼ਰ ਹੋਵੇ? ਵੀਕਐਂਡ ਛੁੱਟੀ ਹੋਵੇ ? ਤੁਹਾਡੀ ਤਿਆਰੀ ਮੁਕੰਮਲ ਸਮਝੋ ।
KEYSTONE CREEK
a partners community

# ਆਰ.ਟੀ.ਆਈ. ਕਾਨੂੰਨ ਦੀ ਘੱਟ ਰਹੀ ਰੌਸ਼ਨੀ



ਗੁਰਮੀਤ ਸਿੰਘ ਪਲਾਹੀ
-9815802070

ਜਿਵੇਂ ਵੀ ਅਤੇ ਜਿੱਥੇ ਵੀ ਦੇਸ਼ ਦੇ ਹਾਕਮਾਂ ਦਾ ਦਾਅ ਲੱਗਦਾ ਹੈ, ਉੱਥੇ ਹੀ ਲੋਕਾਂ ਦੇ ਹੱਕਾਂ 'ਚ ਬਣੇ ਕਾਨੂੰਨਾਂ, ਸੰਵਿਧਾਨਿਕ ਹੱਕਾਂ ਉੱਤੇ ਕੁਹਾੜੀ ਚਲਾਉਣ ਤੋਂ ਉਹ ਦਰੇਗ ਨਹੀਂ ਕਰਦੇ। ਲੋਕਤੰਤਰਿਕ ਵਿਵਸਥਾ ਨੂੰ ਢਾਹ ਲਗਾਉਣਾ, ਸਿੱਧੇ-ਅਸਿੱਧੇ ਢੰਗ ਨਾਲ ਲੋਕ-ਹਿਤੈਸ਼ੀ ਕਾਨੂੰਨਾਂ ਨੂੰ ਖੋਰਾ ਲਗਾਉਣਾ, ਸੰਘੀ ਢਾਂਚੇ ਦਾ ਸੰਘ ਘੁੱਟਣਾ ਕੇਂਦਰ ਸਰਕਾਰ ਦੀ ਫ਼ਿਤਰਤ ਬਣ ਚੁੱਕੀ ਹੈ।

ਮੌਕਾ ਮਿਲਦਿਆਂ ਹੀ ਹਰ ਹੀਲਾ-ਵਸੀਲਾ ਵਰਤ ਕੇ ਪਹਿਲਾਂ ਕੇਂਦਰ ਸਰਕਾਰ ਵੱਲੋਂ ਸੀ.ਬੀ.ਆਈ., ਆਈ.ਡੀ. ਦੀ ਵਰਤੋਂ ਤਤਕਾਲੀ ਕਾਂਗਰਸ ਸਰਕਾਰਾਂ ਵਾਂਗਰ ਇਹਨਾਂ ਖ਼ੁਦਮੁਖਤਾਰ ਏਜੰਸੀਆਂ ਨੂੰ ਪਿੰਜਰਾ ਬੰਦ ਕੀਤਾ। ਫਿਰ ਭਾਰਤੀ ਰਿਜ਼ਰਵ ਬੈਂਕ, ਭਾਰਤੀ ਚੋਣ ਕਮਿਸ਼ਨ ਇੱਥੋਂ ਤੱਕ ਕਿ ਸੁਪਰੀਮ ਕੋਰਟ ਦੇ ਕੰਮਾਂ-ਕਾਰਾਂ ਨੂੰ ਆਪਣੇ ਹਿੱਤ 'ਚ ਵਰਤਣ ਲਈ ਹੱਥ-ਕੰਢੇ ਵਰਤੇ।

ਸਿੱਟੇ ਵਜੋਂ ਹਾਕਮ ਧਿਰ ਵਿਰੋਧੀ ਪਾਰਟੀਆਂ ਵਾਲੇ ਰਾਜਾਂ ਦੀਆਂ ਸਰਕਾਰਾਂ ਨੂੰ ਖੁੱਡੇ ਲਾ ਕੇ, ਹਰ ਉਸ ਕੰਮ ਲਈ ਆਪਣੀ ਤਾਕਤ ਦੀ ਵਰਤੋਂ ਕਰਨ ਦੇ ਰਾਹ ਹੈ, ਜਿੱਥੇ ਉਸਨੂੰ ਸਿਆਸੀ ਲਾਭ ਮਿਲਦਾ ਹੈ ਅਤੇ ਜਿੱਥੇ ਉਸਦੀ ਆਪਣੀ ਕੁਰਸੀ ਪੱਕੀ ਹੁੰਦੀ ਹੈ।

ਦੇਸ਼ 'ਚ ਸਥਿਤੀ ਇਹ ਹੈ ਕਿ ਖ਼ੁਦਮੁਖਤਾਰ ਸੰਸਥਾਵਾਂ ਦੀ ਭਰੋਸੇਯੋਗਤਾ ਲਗਭਗ ਖ਼ਤਮ ਹੈ ਅਤੇ ਸੰਸਥਾਵਾਂ ਦੀ ਭਰੋਸੇਯੋਗਤਾ ਕਾਇਮ ਰੱਖਣ ਲਈ ਗ਼ਲਤ ਰੁਝਾਨ ਖ਼ਿਲਾਫ਼ ਹੋਕਾ ਦੇਣ ਵਾਲਿਆਂ ਦੀ ਨਿਰੰਤਰ ਕਮੀ ਵੇਖਣ ਨੂੰ ਮਿਲ ਰਹੀ ਹੈ।

ਸਤਰਕ ਨਾਗਰਿਕ ਸੰਗਠਨ (ਐਸ.ਐਨ.ਐਸ., ਸੁਸਾਇਟੀ ਫਾਰ ਸਿਟੀਜ਼ਨ ਵਿਜੀਲੈਂਸ ਇਨੀਸ਼ੀਏਟਿਵਜ਼) ਦੀ ਰਿਪੋਰਟ ਦੱਸਦੀ ਹੈ ਕਿ ਦੇਸ਼ ਦੇ 29 ਸੂਚਨਾ ਕਮਿਸ਼ਨਰਾਂ (ਆਰ.ਟੀ.ਆਈ ਕਮਿਸ਼ਨਰ) ਵਿੱਚੋਂ ਕਈ ਕਮਿਸ਼ਨ ਲਗਭਗ ਖ਼ਾਤਮੇ ਦੇ ਕੰਢੇ 'ਤੇ ਹਨ। ਝਾਰਖੰਡ, ਤ੍ਰਿਪੁਰਾ ਅਤੇ ਤੇਲੰਗਾਨਾ ਦੇ ਸੂਚਨਾ ਕਮਿਸ਼ਨ ਬੰਦ ਪਏ ਹਨ। ਕੇਂਦਰੀ ਸੂਚਨਾ ਕਮਿਸ਼ਨ ਵਿੱਚ ਵੀ ਵਧੇਰੇ ਅਸਾਮੀਆਂ ਖਾਲੀ ਹਨ। ਇਸ ਦਾ ਸਿੱਧਾ ਅਸਰ ਇਹ ਹੋਇਆ ਹੈ ਕਿ ਲੱਖਾਂ ਦੀ ਗਿਣਤੀ 'ਚ ਸੂਚਨਾ ਕਮਿਸ਼ਨ ਵਿੱਚ ਅਪੀਲਾਂ ਅਤੇ ਸ਼ਿਕਾਇਤਾਂ ਪੈਂਡਿੰਗ ਹਨ। ਕਈ ਸੂਬਿਆਂ ਵਿੱਚ ਤਾਂ ਇਹ ਮਾਮਲੇ ਦਾ ਨਿਪਟਾਰਾ ਹੋਣ ਲਈ ਸਾਲਾਂ ਲੱਗ ਜਾਂਦੇ ਹਨ। ਕੀ ਇਹ ਵਿਡੰਬਣਾ ਨਹੀਂ ਹੈ? ਕੀ ਇਹ ਲੋਕ-ਹਿਤੈਸ਼ੀ ਕਾਨੂੰਨ ਨਾਲ ਖਿਲਵਾੜ ਨਹੀਂ ਹੈ? ਕੀ ਆਰ.ਟੀ.ਆਈ. ਵਰਗੇ ਕਮਿਸ਼ਨ ਨੂੰ ਵੱਟੇ-ਖਾਤੇ ਪਾ ਦਿੱਤੇ ਗਿਆ ਹੈ।

ਸੂਚਨਾ ਐਕਟ ਸਮਾਂਬੱਧ ਸੂਚਨਾ ਦੇਣ ਦੀ ਗਰੰਟੀ ਦਿੰਦਾ ਹੈ। ਸਾਲ 2023-24 ਵਿੱਚ ਕੇਂਦਰੀ ਸੂਚਨਾ ਕਮਿਸ਼ਨ ਵਿੱਚ ਪਿਛਲੇ 10 ਸਾਲਾਂ ਦੇ ਮੁਕਾਬਲੇ ਦੁਗਣੇ ਤੋਂ ਵੀ ਜ਼ਿਆਦਾ ਆਰਜ਼ੀਆਂ ਦਾਇਰ ਹੋਈਆਂ, ਲੇਕਿਨ ਵੱਡੀ ਸੰਖਿਆ 'ਚ ਅਰਜ਼ੀਆਂ ਰੱਦ ਕਰ ਦਿੱਤੀਆਂ ਗਈਆਂ।

20 ਵਰ੍ਹੇ ਪਹਿਲਾਂ ਜਦੋਂ ਆਰ.ਟੀ.ਆਈ. ਕਾਨੂੰਨ ਆਇਆ ਸੀ, ਤਦ ਇਹ ਲੋਕਾਂ ਦੇ ਹੱਥਾਂ 'ਚ ਇੱਕ ਮਿਸ਼ਾਲ ਦੀ ਤਰ੍ਹਾਂ ਸੀ, ਜਿਸਨੇ ਹਨ੍ਹੇਰੇ ਚ ਰੌਸ਼ਨੀ ਫੈਲਾਈ। ਪਰ ਅੱਜ ਇਹ ਮਿਸ਼ਾਲ ਦੀ ਜੋ ਹਾਲਤ ਹੈ, ਉਸ ਸੰਬੰਧੀ ਵਿਚਾਰ ਕਰਨਾ ਤਾਂ ਬਣਦਾ ਹੀ ਹੈ।

ਜਿਵੇਂ ਮਗਨਰੇਗਾ ਕਾਨੂੰਨ ਦਾ (ਜਿਸ ਵਿੱਚ ਪੇਂਡੂ ਮਜ਼ਦੂਰਾਂ, ਕਿਸਾਨਾਂ ਲਈ 100 ਦਿਨਾਂ ਦਾ ਗਰੰਟੀ ਕੰਮ ਨਿਰਧਾਰਿਤ ਦਿਹਾੜੀ 'ਤੇ ਦੇਣ ਦਾ ਪ੍ਰਵਾਧਾਨ ਹੈ), ਮੌਜੂਦਾ ਕੇਂਦਰੀ ਸਰਕਾਰ ਨੇ ਭੱਠਾ ਬਿਠਾ ਦਿੱਤਾ ਹੈ। ਅਤੇ ਹਰ ਵਰ੍ਹੇ ਕੇਂਦਰੀ ਬਜ਼ਟ ਵਿੱਚ ਮਗਨਰੇਗਾ ਲਈ ਧਨ ਰਾਸ਼ੀ ਘਟਾਈ ਜਾ ਰਹੀ ਹੈ, ਉਵੇਂ ਹੀ ਸਿਹਤ, ਸਿੱਖਿਆ ਲਈ ਬਣਾਏ ਕਾਨੂੰਨਾਂ ਨੂੰ ਆਪਣੇ ਅਧਿਕਾਰ 'ਚ ਕਰਕੇ, ਕੇਂਦਰੀਕਰਨ ਰਾਹੀਂ ਯੂਨੀਵਰਸਿਟੀਆਂ, ਸਿੱਖਿਆ ਸੰਸਥਾਵਾਂ, ਸਿਹਤ ਸੰਸਥਾਵਾਂ 'ਚ ਆਪਣਾ ਖ਼ੂਨੀ ਪੰਜਾ ਕੱਸਿਆ ਹੈ। ਤਾਂ ਕਿ ਭਾਜਪਾ-ਆਰ.ਐੱਸ.ਐੱਸ. ਦੇ ਭਗਵਾਕਰਨ ਦੇ ਅਜੰਡੇ ਨੂੰ ਬਿਨਾਂ ਰੋਕ-ਟੋਕ ਲਾਗੂ ਕੀਤਾ ਜਾ ਸਕੇ ਅਤੇ ਕੋਈ ਵੀ ਸੂਝਵਾਨ ਵਿਅਕਤੀ, ਕੋਈ ਲੋਕ-ਹਿਤੈਸ਼ੀ ਸੂਚਨਾ ਨਾ ਮੰਗੇ, ਨਾ ਹੀ ਉਹਨਾਂ ਦੀ ਡਿਕਟੇਟਰਾਨਾ ਸੋਚ ਉੱਤੇ ਕਿੰਤੂ-ਪਰੰਤੂ ਕਰੇ।

ਦਰਜ਼ਨਾਂ ਨਹੀਂ ਸੈਂਕੜੇ ਉਦਾਹਰਨਾਂ ਹਨ ਕਿ ਵਿਰੋਧੀ ਰਾਜਾਂ ਦੇ ਗਵਰਨਰਾਂ (ਆਪਣੇ ਸੂਬੇਦਾਰਾਂ) ਰਾਹੀਂ ਕੇਂਦਰ ਸਰਕਾਰ ਵੱਲੋਂ ਚੁਣੀਆਂ ਸਰਕਾਰਾਂ ਲਈ ਪਰੇਸ਼ਾਨੀ ਖੜੀ ਕੀਤੀ ਜਾ ਰਹੀ ਹੈ ਅਤੇ ਕੇਂਦਰ ਆਪਣੇ ਹੱਥ ਹਰ ਖੇਤਰ 'ਚ ਮਜ਼ਬੂਤ ਕਰ ਰਿਹਾ ਹੈ ਅਤੇ ਰਾਜ ਸਰਕਾਰਾਂ ਨੂੰ ਪੰਗੂ ਬਣਾ ਕੇ ਸਿਰਫ਼ ਇੱਕ ਮਿਊਂਸੀਪੈਲਟੀ ਬਣਾਉਣ ਦੇ ਰਾਹ ਹੈ।

ਇਸ ਦੀ ਇੱਕ ਵੱਡੀ ਉਦਾਹਰਨ ਸੂਬੇ ਪੰਜਾਬ ਦੇ 59 ਵਰ੍ਹੇ ਸਥਾਪਨਾ ਦਿਵਸ ਦੇ ਪਹਿਲੇ ਦਿਨ ਪਹਿਲੀ ਨਵੰਬਰ 2025 ਨੂੰ ਭਾਰਤ ਸਰਕਾਰ ਨੇ ਪੰਜਾਬ ਦੀ ਸ਼ਾਨ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਨੂੰ ਹਥਿਆਉਣ ਲਈ ਪੰਜਾਬ ਯੂਨੀਵਰਸਿਟੀ ਦੀ ਸੈਨਟ ਅਤੇ ਸਿੰਡੀਕੇਟ ਭੰਗ ਕਰ ਦਿੱਤੀ ਅਤੇ ਜਿਹੜੇ ਪਹਿਲਾਂ 15 ਮੈਂਬਰ ਯੂਨੀਵਰਸਿਟੀ ਦੇ ਗ੍ਰੈਜੂਏਟਾਂ ਵਿੱਚੋਂ ਚੁਣੇ ਜਾਂਦੇ ਸਨ। ਉਹ ਵਿਵਸਥਾ ਖ਼ਤਮ ਕਰ ਦਿੱਤੀ ਗਈ, ਜਿਸ ਦਾ ਸਿੱਧਾ ਅਰਥ ਯੂਨੀਵਰਸਟੀ ਦਾ ਕੰਟਰੋਲ ਕੇਂਦਰ ਸਰਕਾਰ ਵੱਲੋਂ ਆਪਣੇ ਹੱਥ 'ਚ ਲੈਣਾ ਹੈ।

ਸੂਚਨਾ ਦਾ ਅਧਿਕਾਰ ਕਾਨੂੰਨ ਆਰ.ਟੀ.ਆਈ. ਤਤਕਾਲੀ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਸਰਕਾਰ ਵੱਲੋਂ ਦੋ ਦਹਾਕੇ ਪਹਿਲਾਂ ਲਾਗੂ ਕੀਤਾ ਗਿਆ ਸੀ। ਇਹ ਭਾਰਤੀ ਲੋਕਤੰਤਰ ਵਿੱਚ ਪਾਰਦਰਸ਼ਤਾ ਅਤੇ ਜਵਾਬਦੇਹੀ ਦੀ ਇੱਕ ਉਮੀਦ ਸੀ। ਜਦੋਂ ਇਹ ਕਾਨੂੰਨ ਲਾਗੂ ਹੋਇਆ, ਉਸ ਵੇਲੇ ਆਮ ਜਨਤਾ ਸ਼ਾਸਨ, ਪ੍ਰਸ਼ਾਸਨ ਤੋਂ ਸਵਾਲ ਪੁੱਛਣ ਦੇ ਹੱਕ ਤੋਂ ਵਿਰਵੀ ਸੀ। ਭ੍ਰਿਸ਼ਟਾਚਾਰ, ਕੁਸ਼ਾਸਨ ਅਤੇ ਮਨਮਾਨੀ ਖ਼ਿਲਾਫ਼ ਕੋਈ ਠੋਸ ਸੰਦ(ਔਜ਼ਾਰ) ਆਮ ਨਾਗਰਿਕਾਂ ਕੋਲ ਨਹੀਂ ਸੀ।

ਸਾਲ 2005 ਵਿੱਚ ਇਹ ਕਾਨੂੰਨ ਸੰਸਦ ਵਿੱਚ ਪਾਸ ਹੋਇਆ। ਇਸ ਕਾਨੂੰਨ ਅਧੀਨ ਕੋਈ ਵੀ ਨਾਗਰਿਕ ਸਰਕਾਰੀ ਦਫ਼ਤਰ, ਵਿਭਾਗ ਜਾਂ ਸੰਸਥਾ ਤੋਂ ਪੁੱਛ ਸਕਦਾ ਹੈ ਕਿ ਉਸ ਕੋਲ ਜੋ ਸਰਕਾਰੀ ਧਨ ਹੈ, ਉਹ ਕਿੱਥੇ ਆਇਆ? ਕਿੱਥੇ ਖ਼ਰਚਿਆ ਗਿਆ? ਇਹ ਹੱਕ ਸਿਰਫ਼ ਦਸਤਾਵੇਜ਼ ਵੇਖਣ ਤੱਕ ਸੀਮਤ ਨਹੀਂ ਸੀ ਬਲਕਿ ਸਰਕਾਰ ਤੋਂ ਜਵਾਬਦੇਹੀ ਲੈਣ ਦਾ ਇੱਕ ਵੱਡਾ ਔਜ਼ਾਰ ਸੀ।

ਭਾਵੇਂ ਕਿ ਇਸ ਕਾਨੂੰਨ ਨੇ ਸ਼ੁਰੂ 'ਚ ਕਾਫ਼ੀ ਅਸਰ ਵਿਖਾਇਆ। ਅਫ਼ਸਰਸ਼ਾਹੀ ਇਸ ਤੋਂ ਕਾਫ਼ੀ ਭੈ-ਭੀਤ ਹੋਈ। ਇਸ ਕਾਨੂੰਨ ਨਾਲ ਕਈ ਇਤਿਹਾਸਿਕ ਖ਼ੁਲਾਸੇ ਹੋਏ। ਵੱਖੋ-ਵੱਖਰੀਆਂ ਸਕੀਮਾਂ 'ਚ ਖ਼ਰਚਿਆ ਗਿਆ ਪੈਸਾ ਲੋਕਾਂ ਦੇ ਸਾਹਮਣੇ ਆਇਆ, ਜਿਸ ਨਾਲ ਕਈ ਮੁਕੱਦਮੇ ਦਰਜ ਹੋਏ ਅਤੇ ਇਸ ਐਕਟ ਦੇ ਰਾਹੀਂ ਪ੍ਰਾਪਤ ਸੂਚਨਾ ਨੇ ਸਿਆਸਤਦਾਨਾਂ, ਅਫ਼ਸਰਾਂ, ਦਲਾਲਾਂ ਦੀ ਤਿਕੜੀ ਦੇ ਕਈ ਖ਼ੁਲਾਸੇ ਕੀਤੇ। ਮੁੰਬਈ 'ਚ ਆਦਰਸ਼ ਹਾਊਸਿੰਗ ਸੁਸਾਇਟੀ ਘੁਟਾਲੇ ਦਾ ਖ਼ੁਲਾਸਾ ਇਸੇ ਕਾਨੂੰਨ ਤਹਿਤ ਹੋਇਆ।

ਇਹ ਉਹ ਇਮਾਰਤ ਸੀ ਜੋ ਕਾਰਗਿਲ ਯੁੱਧ ਦੇ ਸ਼ਹੀਦਾਂ ਦੇ ਪਰਿਵਾਰਾਂ ਲਈ ਬਣਾਈ ਗਈ, ਪਰ ਉਸ ਵਿੱਚ ਨੌਕਰਸ਼ਾਹਾਂ, ਸਿਆਸਤਦਾਨਾਂ, ਸੈਨਾ ਦੇ ਉੱਚ ਅਧਿਕਾਰੀਆਂ ਨੂੰ ਸਸਤੇ ਭਾਅ ਪਲਾਟ ਦਿੱਤੇ ਗਏ। ਸਿੱਟੇ ਵਜੋਂ ਸੂਬੇ ਦੇ ਤਤਕਾਲੀ ਮੁੱਖ ਮੰਤਰੀ ਨੂੰ ਅਸਤੀਫ਼ਾ ਦੇਣਾ ਪਿਆ। ਰਾਸ਼ਟਰ ਮੰਡਲ ਖੇਡਾਂ ਦੇ ਆਯੋਜਨ ਸਮੇਂ ਸਰਵਜਨਕ ਘੁਟਾਲਾ, ਮਗਨਰੇਗਾ ਅਤੇ ਅਨਾਜ ਵੰਡ ਘੁਟਾਲੇ ਵੀ ਇਸ ਕਾਨੂੰਨ ਤਹਿਤ ਸੂਚਨਾ ਲੈਕੇ ਖੁੱਲ੍ਹੇ। ਚੋਣ ਬਾਂਡ ਨਾਲ ਜੁੜੀਆਂ ਗੁਪਤ ਸੂਚਨਾਵਾਂ ਵੀ ਇਸੇ ਕਾਨੂੰਨ ਤਹਿਤ ਲੋਕ ਕਚਹਿਰੀ 'ਚ ਖੁੱਲੀਆਂ।

ਅਸਲ 'ਚ ਇਹ ਕਾਨੂੰਨ ਪਿੰਡਾਂ ਦੇ ਲੋਕਾਂ ਲਈ ਰਾਸ਼ਨ, ਪੈਨਸ਼ਨ, ਮਜ਼ਦੂਰੀ 'ਚ ਬਕਾਇਆ ਆਦਿ ਦੇ ਲਈ ਵੱਡਾ ਆਸਰਾ ਬਣਿਆ। ਅਸਲ 'ਚ ਇਸ ਕਾਨੂੰਨ ਨੇ ਲੋਕਤੰਤਰ ਨੂੰ ਕੇਵਲ ਸੰਸਦੀ ਦਾਇਰੇ 'ਚ ਹੀ ਨਹੀਂ ਰੱਖਿਆ, ਸਗੋਂ ਲੋਕਾਂ ਦੀ ਆਮ ਜ਼ਿੰਦਗੀ ਤੱਕ ਵੀ ਇਸਦੀ ਪਹੁੰਚ ਬਣੀ।

ਪਰ ਸਫ਼ਲਤਾ ਦੀ ਪੌੜੀ ਚੜ੍ਹਕੇ ਇਹ ਕਾਨੂੰਨ ਧੜੰਮ ਕਰਕੇ (ਮੌਜੂਦਾ ਸਰਕਾਰ ਦੇ ਸਮੇਂ ਖ਼ਾਸ ਕਰਕੇ) ਡਿਗਿਆ ਹੈ। ਅੱਜ ਪਾਰਦਰਸ਼ਤਾ ਲੁਕਾਈ ਜਾ ਰਹੀ ਹੈ। ਅਫ਼ਸਰਸ਼ਾਹੀ ਨੇ ਇਸ ਕਾਨੂੰਨ ਨੂੰ ਸਿਆਸਤਦਾਨਾਂ ਦੀ ਸ਼ਹਿ @ਤੇ ਛਿੱਕੇ ਟੰਗ ਦਿੱਤਾ ਹੈ। ਜਿਵੇਂ ਦੇਸ਼ @ਚ ਲੋਕਤੰਤਰ ਗਾਇਬ ਹੋ ਰਿਹਾ ਹੈ, ਡਿਕਟੇਟਰਾਨਾ ਸੋਚ ਵਾਲੇ ਹਾਕਮ ਫੰਨ ਫੈਲਾਅ ਰਹੇ ਹਨ, ਉਵੇਂ ਹੀ ਲੋਕ- ਹਿੱਤੂ ਕਾਨੂੰਨ ਖ਼ਾਮੋਸ਼ ਕੀਤੇ ਜਾ ਰਹੇ ਹਨ।

ਇਹ ਗਹਿਰੀ ਖਾਮੋਸ਼ੀ ਦਾ ਚਿੰਤਾਜਨਕ ਪਹਿਲੂ ਇਹ ਹੈ ਕਿ ਅਧਿਕਾਰੀ ਜਾਣ-ਬੁਝ ਕੇ ਸੂਚਨਾ ਦੇਣ 'ਚ ਦੇਰੀ ਕਰਦੇ ਹਨ, ਉਹਨਾਂ ਖ਼ਿਲਾਫ਼ ਕੋਈ ਕਾਰਵਾਈ ਨਹੀਂ ਹੋ ਰਹੀ, ਕਿਉਂਕਿ ਸੂਬਾਈ ਤੇ ਕੇਂਦਰੀ ਕਮਿਸ਼ਨ ਲਗਭਗ ਚੁੱਪੀ ਧਾਰੀ ਬੈਠੇ ਰਹਿੰਦੇ ਹਨ। ਅਸਲ @ਚ ਜਵਾਬਦੇਹੀ ਦਾ ਦੌਰ ਜਿਵੇਂ-ਜਿਵੇਂ ਸਿਆਸਤ ਵਿੱਚੋਂ ਗਾਇਬ ਹੋ ਰਿਹਾ ਹੈ, ਉਵੇਂ ਹੀ ਕਾਨੂੰਨ ਬਣਾਉਣ, ਉਸ ਨੂੰ ਲਾਗੂ ਕਰਨ ਦੀ ਜਵਾਬਦੇਹੀ ਖ਼ਤਮ ਹੋ ਰਹੀ ਹੈ। "ਬੁਲਡੋਜ਼ਰ ਸਿਆਸਤ" ਸਮਾਜ ਅਤੇ ਸਿਆਸਤ ਵਿੱਚ ਭਾਰੂ ਹੋ ਰਹੀ ਹੈ, ਜਿੱਥੇ ਕਾਨੂੰਨ ਲੁਪਤ ਹੋ ਰਿਹਾ ਹੈ ਅਤੇ ਸਿਆਸੀ ਹਾਕਮ ਤੇ ਪੁਲਿਸ ਪ੍ਰਸ਼ਾਸਨ ਸਿੱਧਾ ਆਪੇ ਇਨਸਾਫ਼ ਕਰਦੇ ਤੇ ਆਪਣਾ ਜੰਗਲੀ ਕਾਨੂੰਨ ਲਾਗੂ ਕਰਦੇ ਹਨ।

ਸਾਲ 2005 ਤੋਂ ਹੁਣ ਤੱਕ ਆਰ.ਟੀ.ਆਈ. ਦੇ ਕਈ ਕਾਰਕੁਨਾਂ ਦੀ ਹੱਤਿਆ ਕੀਤੀ ਜਾ ਰਹੀ ਹੈ, ਜਿਹੜੇ ਕਾਰਕੁਨ ਮਹਾਰਾਸ਼ਟਰ, ਕਰਨਾਟਕ, ਉੜੀਸਾ ਅਤੇ ਰਾਜਸਥਾਨ 'ਚ ਸਾਹਮਣੇ ਆਏ ਉਹਨਾਂ 'ਤੇ ਹਮਲੇ ਹੋਏ। ਚਿੰਤਾ ਵਾਲੀ ਗੱਲ ਤਾਂ ਇਹ ਹੈ ਕਿ ਆਰ.ਟੀ.ਆਈ. ਕਾਰਕੁਨਾਂ ਨੂੰ ਸਰਕਾਰੀ ਸੁਰੱਖਿਆ ਨਹੀਂ ਹੈ। ਇਸੇ ਕਰਕੇ ਆਰ.ਟੀ.ਆਈ. ਅਧੀਨ ਸੂਚਨਾ ਲੈਣਾ ਔਖਾ ਹੋ ਗਿਆ ਹੈ।

ਭਾਵੇਂ ਕਿ ਸੂਚਨਾ ਅਧਿਕਾਰ ਲਾਗੂ ਹੋਣ ਨਾਲ ਲੋਕਾਂ ਦੇ ਹੌਂਸਲੇ ਵਧੇ। ਇਸ ਕਾਨੂੰਨ ਤਹਿਤ ਕੋਈ ਵੀ ਵਿਅਕਤੀ ਪ੍ਰਧਾਨ ਮੰਤਰੀ ਦਫ਼ਤਰ, ਸਿਆਸੀ ਪਾਰਟੀ ਅਤੇ ਭਾਰਤੀ ਰਿਜ਼ਰਵ ਬੈਂਕ ਤੱਕ ਦੀ ਜਵਾਬਦੇਹੀ ਬਣਾਉਂਦਾ ਹੈ ਪਰ ਵਿਡੰਬਨਾ ਇਹ ਹੈ ਕਿ ਉਹ ਪ੍ਰਸ਼ਾਸਨ ਪਾਰਦਰਸ਼ਤਾ ਨੂੰ ਲੁਕੋ ਲੈਂਦਾ ਹੈ ਅਤੇ ਸੂਚਨਾ ਦੇਣ ਤੋਂ ਇਨਕਾਰੀ ਹੋ ਜਾਂਦਾ ਹੈ। ਇਸੇ ਕਰਕੇ ਸੂਚਨਾ ਦਾ ਅਧਿਕਾਰ ਕਾਨੂੰਨ ਕਮਜ਼ੋਰ ਹੋ ਗਿਆ ਹੈ ਤੇ ਹੋ ਰਿਹਾ ਹੈ।

ਹੈਰਾਨੀ ਦੀ ਗੱਲ ਹੈ ਕਿ ਜਦੋਂ ਬੇਰੁਜ਼ਗਾਰਾਂ ਦਾ ਡਾਟਾ ਇਸ ਕਾਨੂੰਨ ਤਹਿਤ ਮੰਗਿਆ ਜਾਂਦਾ ਹੈ ਤਾਂ ਜਵਾਬ ਮਿਲਦਾ ਹੈ 'ਡਾਟਾ' ਉਪਲੱਬਧ ਨਹੀਂ। ਜਦੋਂ ਕੋਵਿਡ 'ਚ ਹੋਈਆਂ ਮੌਤਾਂ ਦੀ ਜਾਣਕਾਰੀ ਮੰਗੀ ਜਾਂਦੀ ਹੈ ਤਾਂ ਜਵਾਬ ਸਿੱਧਾ ਮਿਲਦਾ ਹੈ 'ਡਾਟਾ' ਉਪਲੱਬਧ ਨਹੀਂ।

ਅਸਲ 'ਚ ਹੁਣ ਅਧਿਕਾਰੀ ਇਸ ਕਾਨੂੰਨ ਤੋਂ ਨਹੀਂ ਡਰਦੇ। ਹੁਣ ਜਦੋਂ ਲੋਕ ਉਮੀਦ ਨਾਲ ਅਰਜ਼ੀ ਦਿੰਦੇ ਹਨ ਤਾਂ ਉਹਨਾਂ ਪੱਲੇ ਨਿਰਾਸ਼ਾ ਪੈਂਦੀ ਹੈ। ਜਿਸ ਢੰਗ ਨਾਲ ਦੇਸ਼ 'ਚ ਗ਼ੈਰ-ਲੋਕਤੰਤਰਿਕ ਸਥਿਤੀ ਪੈਦਾ ਹੋ ਗਈ ਹੈ, ਤਿਕੜੀ -ਰਾਜ ਪੂਰੇ ਦੇਸ਼ 'ਚ ਛਾਇਆ ਹੈ। ਰਾਜਨੀਤੀ ਦਾ ਅਪਰਾਧੀਕਰਨ ਹੋ ਗਿਆ ਹੈ। ਕਾਰਪੋਰੇਟ ਘਰਾਨਿਆਂ ਦੇਸ਼ 'ਤੇ ਜਕੜ ਪੀਡੀ ਕਰ ਲਈ ਹੈ। ਨਿੱਜੀਕਰਨ ਦੇਸ਼ 'ਚ ਵੱਧ ਰਿਹਾ ਹੈ ਅਤੇ ਸਿਆਸੀ ਲੋਕ, ਕਾਰਪੋਰੇਟਾਂ ਨੇ ਆਪਣੇ ਹੱਥਾਂ 'ਚ ਕਰ ਲਏ ਹਨ।

ਸਿਆਸੀ ਲੋਕਾਂ ਵੱਲੋਂ ਲੋਕ ਦਿਖਾਵੇ ਹਿੱਤ ਲੋਕਤੰਤਰ ਦਾ ਪਾਠ ਪੜ੍ਹਾਇਆ ਜਾ ਰਿਹਾ ਹੈ, ਪਰ ਲੋਕ-ਹਿਤੈਸ਼ੀ ਸਾਰੇ ਕਾਰਜਾਂ ਨੂੰ ਖ਼ਤਮ ਕਰਨ ਦਾ ਕਾਰਜ ਆਰੰਭਿਆ ਹੋਇਆ ਹੈ। ਇਸ ਤਹਿਤ ਖ਼ੁਦਮੁਖਤਿਆਰ ਸੰਸਥਾਵਾਂ ਨੂੰ ਖ਼ਤਮ ਤਾਂ ਨਹੀਂ ਕੀਤਾ ਜਾ ਰਿਹਾ ਹੈ ਪਰ ਇਹਨਾਂ ਨੂੰ ਅੰਦਰੋਂ ਖੋਰਾ ਲਾਇਆ ਜਾ ਰਿਹਾ ਹੈ।

ਇਸ ਕਾਨੂੰਨ ਨੇ ਲੋਕਤੰਤਰ ਵਿੱਚ ਇੱਕ ਨਵੀਂ ਰੂਹ ਫੂਕੀ ਸੀ। ਜਾਗਰੂਕਤਾ ਦੀ ਇੱਕ ਨਵੀਂ ਮਿਸ਼ਾਲ ਬਲੀ ਸੀ। ਸੂਚਨਾ ਦਾ ਕਾਨੂੰਨ ਅਧਿਕਾਰ ਸਾਨੂੰ ਦਰਸਾਉਂਦਾ ਹੈ ਕਿ ਲੋਕਤੰਤਰ ਸਿਰਫ਼ ਵੋਟ ਪਾਉਣ ਦਾ ਹੱਕ ਹੀ ਨਹੀਂ, ਸਗੋਂ ਸੱਤਾ ਵਿੱਚ ਜਵਾਬ ਮੰਗਣ ਦਾ ਹੱਕ ਵੀ ਹੈ।

ਕੀ ਅੱਜ ਦੀ ਸਥਿਤੀ ਵਿੱਚ ਇਹ ਸਮਾਂ ਨਹੀਂ ਆ ਰਿਹਾ ਕਿ ਨਾਗਰਿਕ ਸਮਾਜ, ਨਿਆਪਾਲਿਕਾ ਅਤੇ ਇਮਾਨਦਾਰ ਨੌਕਰਸ਼ਾਹੀ ਮਿਲ ਕੇ ਪਾਰਦਰਸ਼ਤਾ ਦੀ ਇਸ ਭਾਵਨਾ ਨੂੰ ਪੁਨਰ ਸੁਰਜੀਤ ਕਰੇ?

ਯਾਦ ਰੱਖਣਾ ਬਣਦਾ ਹੈ ਕਿ ਲੋਕਤੰਤਰ ਸਿਰਫ਼ ਕਾਨੂੰਨਾਂ ਨਾਲ ਨਹੀਂ ਚੱਲਦਾ। ਇਹ ਨਾਗਰਿਕਾਂ ਦੀ ਜਾਗਰੂਕਤਾ, ਸਤਰਕਤਾ ਅਤੇ ਰਾਜ ਭਾਗ ਦੀ ਜਵਾਬਦੇਹੀ ਨਾਲ ਜਿਉਂਦਾ ਰਹਿੰਦਾ ਹੈ। ਲੋਕ ਸਵਾਲ ਪੁੱਛਣਗੇ, ਲੋਕਤੰਤਰ ਦੀ ਰੌਸ਼ਨੀ ਬਲਦੀ ਰਹੇਗੀ ਅਤੇ ਕਦੇ ਵੀ ਬੁਝ ਨਹੀਂ ਸਕੇਗੀ।

---




ਇਹ ਕਾਲਮ ਨਿਰੋਲ ਕਲਪਨਾ 'ਤੇ ਅਧਾਰਿਤ ਹੈ ਅਤੇ ਇਸ ਦਾ ਕਿਸੇ ਵੀ ਜਿਉਂਦੇ-ਜਾਗਦੇ ਵਿਅਕਤੀ ਨਾਲ ਕੋਈ ਸਿੱਧਾ ਜਾਂ ਅਸਿੱਧਾ ਸਬੰਧ ਨਹੀਂ ਹੈ। ਇਸ ਵਿਚਲੇ ਵਿਚਾਰ ਲੇਖਕ ਦੇ ਹਨ ਤੇ ਅਦਾਰਾ 'ਪੰਜਾਬੀ ਅਖ਼ਬਾਰ' ਇਹਨਾਂ ਵਿਚਾਰਾਂ ਦਾ ਵਿਰੋਧ ਜਾਂ ਇਹਨਾਂ ਦੀ ਪ੍ਰੋੜਤਾ ਨਹੀਂ ਕਰਦਾ ਹੈ।
-ਸੰਪਾਦਕ

# ਮਹਾਰਿਸ਼ੀ ਚਾਰਵਾਕ ਦੀ ਚਿੱਠੀ ਰਿਸ਼ੀ ਨਾਗਰ ਦੇ ਨਾਮ

## ਲਿਖਤੁਮ ਮਹਾਰਿਸ਼ੀ ਚਾਰਵਾਕ...

**ਮਹਾਰਿਸ਼ੀ ਚਾਰਵਾਕ ਈਸਾ ਤੋਂ 600 ਤੋਂ 400 ਸਾਲ ਪਹਿਲਾਂ ਹੋਏ ਮੰਨੇ ਜਾਂਦੇ ਹਨ। ਉਹਨਾਂ ਨੂੰ ਕੁੱਝ ਲੋਕ ਬ੍ਰਹਸਪਤੀ ਵੀ ਕਹਿੰਦੇ ਸਨ ਤੇ ਉਹ ਲੋਕਾਯਤ ਜਾਂ ਚਾਰਵਾਕ ਸਕੂਲ ਜਾਂ ਵਿਚਾਰਧਾਰਾ ਦੇ ਸੰਸਥਾਪਕ ਮੰਨੇ ਜਾਂਦੇ ਹਨ। ਇਹ ਪ੍ਰਾਚੀਨ ਭਾਰਤੀ ਦਰਸ਼ਨ 6ਵੀਂ ਸਦੀ ਈਸਾ ਪੂਰਵ ਵਿੱਚ ਉਭਰਿਆ, ਜਦੋਂ ਬੁੱਧ ਧਰਮ ਅਤੇ ਜੈਨ ਧਰਮ ਵਿਕਾਸ ਕਰ ਰਹੇ ਸਨ। ਚਾਰਵਾਕ ਸਕੂਲ ਆਪਣੇ ਭੌਤਿਕਵਾਦ ਅਤੇ ਤਰਕਵਾਦ ਦਰਸ਼ਨ ਲਈ ਪ੍ਰਸਿੱਧ ਹੈ। ਇਸ ਨੇ ਵੇਦਾਂ ਦੀ ਪ੍ਰਮਾਣਿਕਤਾ, ਆਤਮਾ ਜਾਂ ਪਰਮਾਤਮਾ ਦੀ ਹੋਂਦ ਅਤੇ ਲੋਕ - ਪਰਲੋਕ ਦੀ ਧਾਰਨਾ ਦਾ ਜ਼ੋਰਦਾਰ ਖੰਡਨ ਕੀਤਾ। ਚਾਰਵਾਕ ਫਿਲਾਸਫੀ ਨੂੰ ਅਕਸਰ ਭਾਰਤ ਦਾ ਪਹਿਲਾ ਅਨੁਭਵ-ਵਾਦੀ (empiricism) ਅਤੇ ਨਾਸਤਿਕ ਦਰਸ਼ਨ ਕਿਹਾ ਜਾਂਦਾ ਹੈ। ਇਹ ਸਿਰਫ ਪ੍ਰਤੱਖ ਨੂੰ ਗਿਆਨ ਦਾ ਇੱਕਮਾਤਰ ਸ੍ਰੋਤ ਮੰਨਦਾ ਹੈ, ਅਤੇ ਅੰਦਾਜ਼ਿਆਂ ਜਾਂ ਆਸਥਾ ਨੂੰ ਅਣਵਿਸ਼ਵਾਸਯੋਗ ਮੰਨਦਾ ਹੈ। ਇਸ ਦ੍ਰਿਸ਼ਟੀਕੋਣ ਦੇ ਅਨੁਸਾਰ, ਸਿਰਫ਼ ਅਨੁਭਵ ਦੁਆਰਾ ਹੀ ਸੱਚਾਈ ਨੂੰ ਜਾਣਿਆ ਜਾ ਸਕਦਾ ਹੈ, ਨਾ ਕਿ ਅਟੱਲ ਧਾਰਮਿਕ ਅਨੁਸ਼ਾਸਨ ਦੁਆਰਾ।ਚਾਰਵਾਕ ਦੇ ਮੁੱਖ ਵਿਚਾਰ ਭੌਤਿਕ ਸੰਸਾਰ ਅਤੇ ਮਨੁੱਖੀ ਸੁਖ-ਸਮ੍ਰਿਧੀ 'ਤੇ ਕੇਂਦ੍ਰਿਤ ਸਨ। ਚਾਰਵਾਕ ਦੇ ਅਨੁਸਾਰ ਆਤਮਾ ਨਾਮ ਦੀ ਕੋਈ ਚੀਜ਼ ਨਹੀਂ ਤੇ ਸਰੀਰ ਅਸਥਾਈ ਹੈ ਅਤੇ ਮੌਤ ਦੇ ਨਾਲ ਖਤਮ ਹੋ ਜਾਂਦਾ ਹੈ।ਚਾਰਵਾਕ ਦਾ ਆਚਾਰ ਸੰਸਕਾਰ ਵਰਤਮਾਨ ਜੀਵਨ ਵਿੱਚ ਸੁਖ ਅਤੇ ਖੁਸ਼ਹਾਲੀ ਉੱਤੇ ਕੇਂਦ੍ਰਿਤ ਸੀ। ਇਸ ਸਕੂਲ ਦਾ ਪ੍ਰਸਿੱਧ ਸ਼ਬਦ ਹੈ: ਜਦ ਤੱਕ ਜੀਵੋ, ਸੁਖ ਨਾਲ ਜੀਵੋ, ਜਰੂਰਤ ਹੋਵੇ ਤਾਂ ਕਰਜ਼ਾ ਚੁੱਕੋ ਪਰ ਘਿਉ ਦਾ ਆਨੰਦ ਮਾਣੋ । ਇਸ ਦਾ ਮਤਲਬ ਤਰਕਵਾਦੀ ਸੁਖ ਨੂੰ ਮਹੱਤਵ ਦੇਣਾ ਸੀ।ਚਾਰਵਾਕ ਦੀਆਂ ਮੂਲ ਰਚਨਾਵਾਂ ਬਚ ਨਹੀਂ ਸਕੀਆਂ, ਪਰ ਉਨ੍ਹਾਂ ਦੇ ਵਿਚਾਰ ਬਾਅਦ ਵਾਲੇ ਬੁੱਧ ਅਤੇ ਹਿੰਦੂ ਲੇਖਾਂ ਵਿੱਚ ਮਿਲਦੇ ਹਨ, ਜਿਵੇਂ ਕਿ ਸਰਵ-ਦਰਸ਼ਨ ਸੰਗ੍ਰਿਹਾਂ ਵਿੱਚ। ਇਹ ਦਰਸ਼ਨ ਭਲੇ ਹੀ ਵਿਰੋਧੀ ਮੰਨੇ ਗਏ ਹੋਣ, ਪਰ ਇਨ੍ਹਾਂ ਨੇ ਪ੍ਰਾਚੀਨ ਭਾਰਤ ਵਿੱਚ ਤਾਰਕਿਕ ਚਰਚਾ ਅਤੇ ਧਾਰਮਿਕ ਪ੍ਰਥਾਵਾਂ ਨੂੰ ਚੁਣੌਤੀ ਦਿੱਤੀ। ਹੁਣ ਉਹਨਾਂ ਦੀ ਚਿੱਠੀ ਆਈ ਹੈ !**

ਮੇਰੇ ਪਿਆਰੇ ਬੱਚੇ,

ਲਗਪਗ 3 ਕੁ ਹਜ਼ਾਰ ਸਾਲ ਪਹਿਲਾਂ ਮੈਂ ਤੁਹਾਡੀ ਇਸ ਧਰਤੀ 'ਤੇ ਆਇਆ ਸੀ ਤੇ ਉਸ ਵੇਲੇ ਵੀ ਲੋਕ ਉਸੇ ਤਰ੍ਹਾਂ ਦੀਆਂ ਪਰੰਪਰਾਵਾਂ ਵਿੱਚ ਗ਼ਲਤਾਨ ਸਨ ਜਿਸ ਤਰ੍ਹਾਂ ਹੁਣ ਉਹ ਇਸ ਚਿੱਕੜ ਵਿੱਚ ਫਸੇ ਹੋਏ ਹਨ। ਮੈਂ ਹੈਰਾਨ ਹਾਂ ਕਿ ਲੋਕ ਇਸ ਚਿੱਕੜ ਵਿਚੋਂ ਨਿਕਲਣਾ ਕਿਉਂ ਨਹੀਂ ਚਾਹੁੰਦੇ। ਮੇਰੇ, ਉਸ ਵੇਲੇ ਦੌਰਾਨ ਵੀ ਉਹ ਇਸ ਦਲਦਲ ਵਿਚੋਂ ਬਾਹਰ ਨਹੀਂ ਆਉਣਾ ਚਾਹੁੰਦੇ ਸਨ। ਇਸ ਦਾ ਕਾਰਨ ਮੈਨੂੰ ਸਮਝ ਨਹੀਂ ਆਇਆ। ਲੋਕਾਂ ਨੇ ਮੇਰੀ ਫਿਲੋਸੌਫੀ ਜਾਂ ਮੇਰੇ ਵਿਚਾਰਾਂ ਨੂੰ ਬਹੁਤ ਮਾੜਾ ਮੰਨਿਆ ਸੀ ਤੇ ਮੇਰੀ ਭਰਪੂਰ ਆਲੋਚਨਾ ਹੁੰਦੀ ਰਹਿੰਦੀ ਸੀ ਤੇ ਮੈਨੂੰ ਸ਼ੈਤਾਨ ਦਾ ਵਕੀਲ (devilÓs advocate) ਕਿਹਾ ਜਾਂਦਾ ਸੀ। ਚਲੋ, ਮੈਂ ਤਾਂ ਮਾੜਾ ਰਿਹਾ ਹੋਵਾਂਗਾ ਪਰ ਉਸ ਸਮੇਂ ਜਿਹੜੇ ਚੰਗੇ ਸੀ ਜਾਂ ਜਿਹਨਾਂ ਨੂੰ ਲੋਕ ਚੰਗਾ ਸਮਝਦੇ ਸੀ ਉਹ ਕਿਹੜਾ ਚੰਨ ਚਾੜ੍ਹ ਗਏ ਜਾਂ ਧਰਤੀ ਦਾ ਤੇ ਧਰਤੀ ਦੇ ਲੋਕਾਂ ਦਾ ਕੀ ਸੁਧਾਰ ਕਰ ਗਏ? ਮੈਂ ਵੇਦਾਂ ਨੂੰ ਨਕਾਰਦਾ ਰਿਹਾ, ਉਸ ਸਮੇਂ ਦੇ ਆਤਮਾ-ਪਰਮਾਤਮਾ ਦੀ ਧਾਰਨਾ ਦਾ ਧੁਰ ਵਿਰੋਧੀ ਰਿਹਾ ਤੇ ਲੋਕਾਂ ਨੇ ਕਿਹਾ ਕਿ ਮੈਂ ਦੁਨੀਆ ਨੂੰ ਗ਼ਲਤ ਰਸਤੇ 'ਤੇ ਪਾ ਰਿਹਾ ਹਾਂ। ਲੈ ਦੱਸੋ ਭਲਾ, ਹੁਣ ਬੜੀ ਤੁਹਾਡੀ ਧਰਤੀ ਸਹੀ ਰਸਤੇ 'ਤੇ ਭੱਜੀ ਜਾ ਰਹੀ ਹੈ। ਭੋਰਾ ਅਕਲ ਹੈ ਨਹੀਂ ਤੁਹਾਡੇ ਸਮੇਂ ਦੇ ਲੋਕਾਂ ਨੂੰ। ਸਾਡੇ ਵੇਲੇ ਵੀ ਹੈ ਨਹੀਂ ਸੀ। ਜਿਹੜਾ ਕੋਈ ਮੇਰੇ ਵਰਗਾ ਬੋਲਦਾ ਸੀ, ਉਹਨੂੰ ਨਾਸਤਿਕ ਕਹਿ ਕੇ ਭੰਡ ਦਿੰਦੇ ਸੀ। ਹੁਣ ਤੁਸੀਂ ਉਹਨਾਂ ਲਈ ਨਵਾਂ ਸ਼ਬਦ ਕੱਢ ਲਿਆ ਹੈ - ਅਖੇ ਕਾਮਰੇਡ! ਓ ਭਲਿਓ ਮਾਨਸੋ, ਕਾਮਰੇਡ ਤਾਂ ਦੋਸਤ ਨੂੰ, ਸਾਥੀ ਨੂੰ, ਨਾਲ ਚੱਲਣ ਵਾਲੇ ਨੂੰ ਕਹਿੰਦੇ ਐ ਤੇ ਤੁਸੀਂ ਇਸ ਨੂੰ ਨੈਗੇਟਿਵ ਸ਼ਬਦ ਬਣਾਈ ਫਿਰਦੇ ਓਂ! ਫਿਰੀ ਜਾਉ ਪਰ ਜਿਹੜੇ ਦੂਜਿਆਂ ਨੂੰ ਇਹਨਾਂ ਲਕਬਾਂ ਨਾਲ ਸੰਬੋਧਨ ਹੁੰਦੇ ਨੇ ਉਹ ਖੁਦ ਕਿਹੜਾ ਦੁੱਧ ਦੇ ਧੋਤੇ ਨੇ। ਕਿਹੜਾ ਚੰਗਾ ਕੰਮ ਉਹ ਕਰਦੇ ਨੇ ਜਾਂ ਹੁਣ ਤੱਕ ਉਹਨਾਂ ਨੇ ਕੀਤਾ ਹੈ?

ਬੇਟਾ, ਮੈਂ ਦੋ ਸ਼ਲੋਕ ਦਿੱਤੇ ਸਨ: ਇਹਨਾਂ ਦਾ ਮਤਲਬ ਹੈ। ਜਦੋਂ ਤੱਕ ਜੀਉ, ਸੁਖ-ਆਰਾਮ ਨਾਲ ਜੀਉ; ਆਰਾਮ ਨਾਲ ਜੀਣ ਵਾਸਤੇ ਜੇਕਰ ਕਰਜ਼ਾ ਚੁੱਕ ਕੇ ਘਿਉ ਪੀਣਾ ਪਵੇ ਤਾਂ ਅਜਿਹਾ ਬੇਸ਼ੱਕ ਕਰ ਲਵੇ। ਮਰਨ ਮਗਰੋਂ ਤੁਹਾਡਾ ਸਰੀਰ ਸੜ ਕੇ ਸੁਆਹ ਹੋ ਜਾਂਦਾ ਹੈ ਤੇ ਫਿਰ ਇਸ ਦਾ ਦੁਬਾਰਾ ਜਨਮ ਕਿਥੋਂ ਤੇ ਕਿਵੇਂ ਹੋ ਸਕਦਾ ਹੈ, ਭਲਾ?

ਰਿਸ਼ੀ ਕਾਕਾ, ਮੈਂ ਇਹ ਵੀ ਕਿਹਾ ਸੀ ਕਿ ਜਦੋਂ ਅੱਜ ਤੱਕ ਕੋਈ ਵੀ ਵਿਅਕਤੀ ਮਰਨ ਮਗਰੋਂ ਇਹ ਦੱਸਣ ਲਈ ਨਹੀਂ ਆਇਆ ਕਿ ਉਹ ਸਵਰਗ ਵਿੱਚ ਗਿਆ ਸੀ ਕਿ ਨਰਕ ਵਿੱਚ, ਤਾਂ ਫਿਰ ਇਸ ਧਾਰਨਾ ਉਪਰ ਯਕੀਨ ਕਿਵੇਂ ਕੀਤਾ ਜਾ ਸਕਦਾ ਹੈ? ਮਰ ਕੇ ਕੋਈ ਵਾਪਸ ਆਇਆ ਨਹੀਂ, ਜਿਉਂਦੇ ਜੀ ਕਿਸੇ ਨੇ ਸਵਰਗ-ਨਰਕ ਦੇਖਿਆ ਨਹੀਂ, ਫਿਰ ਇਸ ਧਾਰਨਾ ਨੂੰ ਸੱਚ ਨਹੀਂ ਮੰਨਿਆ ਜਾਣਾ ਚਾਹੀਦਾ। ਲੋਕਾਂ ਨੇ ਆਪਣਾ ਪਰਲੋਕ ਸੁਧਾਰਨ ਲਈ ਆਪਣਾ ਇਹ-ਲੋਕ ਖ਼ਰਾਬ ਕੀਤਾ ਪਿਐ। ਆਪਣੇ ਕੱਲ੍ਹ ਦੀ ਚਿੰਤਾ ਇਹਨਾਂ ਨੂੰ ਉਸ ਵੇਲੇ ਵੀ ਬਹੁਤ ਸਤਾਉਂਦੀ ਸੀ ਜਦੋਂ ਮੈਂ ਧਰਤੀ 'ਤੇ ਹੁੰਦਾ ਸੀ ਤੇ ਹੁਣ ਵੀ ਇਹੋ ਹਾਲ ਐ। ਇਹਨਾਂ ਦਾ ਕੱਲ੍ਹ ਸੁਧਰਿਆ ਕਿ ਨਹੀਂ ਸੁਧਰਿਆ - ਇਹ ਤਾਂ ਪਤਾ ਨਹੀਂ ਪਰ ਅੱਜ ਇਹਨਾਂ ਦਾ ਧੂੰਆਂ ਜ਼ਰੂਰ ਨਿੱਕਲਿਆ ਪਿਐ। ਉਸ ਵੇਲੇ ਵੀ ਇਵੇਂ ਹੀ ਸੀ। ਬੇਟਾ ਜੀ, ਮੇਰੇ ਵੇਲੇ ਇੱਕ ਬੰਦਾ ਇੱਕ ਰਾਜੇ ਦੇ ਦਰਬਾਰ ਵਿੱਚ ਨੌਕਰੀ ਲੈ ਗਿਆ। ਉਹ ਬੰਦਾ ਇੱਕ ਨੰਬਰ ਦਾ ਚਮਚਾ ਸੀ; ਝੂਠ ਬੋਲਣ ਵਿੱਚ ਮਾਹਿਰ! ਗੰਜੇ ਦੇ ਵਾਲਾਂ ਦੀ ਤਾਰੀਫ਼ ਕਰਨ ਵਾਲਾ! ਨਾਬੀਨਾ - ਜਾਂ ਅੰਨ੍ਹੇ ਵਿਅਕਤੀ ਦੀਆਂ ਅੱਖਾਂ ਦੀ ਤਾਰੀਫ਼ ਕਰਨ ਵਾਲਾ! ਜਲਦੀ ਹੀ ਉਹ ਰਾਜੇ ਦੇ ਬਹੁਤ ਨੇੜੇ ਹੋ ਗਿਆ। ਉਸ ਦਾ ਮਿੱਤਰ ਬਣ ਗਿਆ। ਇੰਨੀ ਨੇੜਤਾ ਕਿ ਉਸ ਤੋਂ ਬਿਨਾ ਰਾਜਾ ਇੱਕ ਪਲ ਵੀ ਨਾ ਰਹੇ। ਇੱਕ ਦਿਨ ਦੋਵੇਂ ਰੋਟੀ ਖਾਣ ਬੈਠੇ। ਭਿੰਡੀਆਂ ਦੀ ਸਬਜ਼ੀ ਬਣੀ ਸੀ। ਰਾਜੇ ਨੇ ਕਿਹਾ ਸਬਜ਼ੀ ਬਹੁਤ ਸਵਾਦ ਬਣੀ ਐ। ਨੌਕਰ ਕਹਿੰਦਾ - ਕਿਉਂ ਨਾ ਹੋਵੇ, ਸ਼ਾਸਤਰਾਂ ਵਿੱਚ ਭਿੰਡੀ ਦੀ ਬਹੁਤ ਮਹਿਮਾ ਗਾਈ ਗਈ ਐ, ਹਜ਼ਾਰ ਰੋਗਾਂ ਦਾ ਇਲਾਜ ਐ ਭਿੰਡੀ; ਬੁੱਢਿਆਂ ਨੂੰ ਜਵਾਨ ਕਰਦੀ ਐ ਭਿੰਡੀ; ਮੈਂ ਤਾਂ ਇਹ ਵੀ ਪੜ੍ਹਿਐ ਕਿ ਮੁਰਦੇ ਨੂੰ ਖਿਲਾਉ ਭਿੰਡੀ ਤਾਂ ਉਹ ਵੀ ਜ਼ਿੰਦਾ ਹੋ ਜਾਵੇ। ਰਸੋਈਏ ਨੇ ਸੁਣ ਲਿਆ ਤੇ ਰਾਜਾ ਮੰਨ ਵੀ ਗਿਆ। ਰਸੋਈਏ ਨੇ ਰੋਜ਼ ਭਿੰਡੀਆਂ ਬਣਾਉਣੀਆਂ ਸ਼ੁਰੂ ਕਰਤੀਆਂ। ਇੱਕ ਦਿਨ, ਦੋ ਦਿਨ, ਤਿੰਨ ਦਿਨ, ਚਾਰ ਦਿਨ...ਹਰ ਰੋਜ਼ ਭਿੰਡੀ! ਰਾਜਾ ਇੱਕ ਦਿਨ ਭੜਕ ਗਿਆ ਤੇ ਥਾਲੀ ਵਗਾਹ ਕੇ ਮਾਰੀ ਤੇ ਲੱਗਾ ਗਾਲ੍ਹਾਂ ਕੱਢਣ। ਭਿੰਡੀ, ਭਿੰਡੀ, ਭਿੰਡੀ। ਨੌਕਰ ਨੇ ਵੀ ਆਪਣੀ ਥਾਲੀ ਦੂਰ ਵਗਾਹ ਮਾਰੀ। ਰਸੋਈਏ ਨੂੰ ਲੱਗਾ ਗਾਲ੍ਹਾਂ ਕੱਢਣ ਨੌਕਰ...! ਕਹਿਣ ਲੱਗਾ, ਭਿੰਡੀ ਵੀ ਕੋਈ ਸਬਜ਼ੀ ਐ? ਸ਼ਾਸਤਰਾਂ 'ਚ ਤਾਂ ਲਿਖਿਆ ਹੈ ਕਿ ਇਹ ਜ਼ਹਿਰ ਐ। ਮੈਂ ਤਾਂ ਆਪ ਕਈ ਥਾਂਈਂ ਪੜ੍ਹਿਐ ਕਿ ਭਿੰਡੀ ਜਵਾਨ ਖਾਣ ਤਾਂ ਬੁੱਢੇ ਹੋ ਜਾਣ, ਬੁੱਢੇ ਖਾਣ ਤਾਂ ਮਰ ਜਾਣ, ਬੱਚੇ ਖਾਣ ਤਾਂ ਉਹਨਾਂ ਦੇ ਵਾਲ ਚਿੱਟੇ ਹੋ ਜਾਣ! ਰਾਜਾ ਕਹਿਣ ਲੱਗਿਆ - ਉਇ, ਮੂਰਖਾ, ਪਿਛਲੇ ਹਫ਼ਤੇ ਤਾਂ ਤੂੰ ਕੁੱਝ ਹੋਰ ਬਕ ਰਿਹਾ ਸੀ। ਹੁਣ ਕੀ ਹੋ ਗਿਆ? ਨੌਕਰ ਕਹਿਣ ਲੱਗਿਆ - ਜਨਾਬ ਮੈਂ ਤੁਹਾਡਾ ਨੌਕਰ ਆਂ, ਭਿੰਡੀ ਦਾ ਨਹੀਂ। ਮੈਂ ਕੀ ਲੈਣਾ ਭਿੰਡੀ ਤੋਂ? ਤੁਹਾਨੂੰ ਚੰਗੀ ਲੱਗੀ, ਆਪਾਂ ਤਾਰੀਫ਼ ਕਰ ਦਿੱਤੀ; ਤੁਹਾਨੂੰ ਬੁਰੀ ਲੱਗੀ ਐ ਤੇ ਮੈਂ ਇਹਦੀ ਤਾਰੀਫ਼ ਕਰਕੇ ਆਪਣੀ ਜਾਨ ਗੁਆਉਣੀ ਐ? ਇਹ ਵਰਤਾਰਾ ਰਿਸ਼ੀ ਬੇਟਾ, 3 ਹਜ਼ਾਰ ਸਾਲ ਪਹਿਲਾਂ ਦਾ ਸੀ ਤੇ ਅੱਜ ਭਲਾ ਕੀ ਬਦਲਿਆ? ਬਤਾਊਂ? ਉਸ ਵੇਲੇ ਵੀ ਝੂਠ ਫੈਲਾਇਆ ਜਾਂਦਾ ਸੀ ਤੇ ਇਹੀ ਹੁਣ ਵੀ ਚੱਲ ਰਿਹੈ। ਮਾਂ ਦੇ ਦੁੱਧ ਵਿੱਚ ਝੂਠ ਪਰੋਸ ਕੇ ਬੱਚੇ ਨੂੰ ਪਿਲਾਇਆ ਜਾ ਰਿਹਾ ਹੈ। ਮਨ ਨੂੰ ਚੰਗਾ ਲੱਗਣ ਵਾਲਾ ਝੂਠ ਪਰੋਸਣ ਵਾਲਾ ਤੁਹਾਡੇ ਲਈ ਸਭ ਤੋਂ ਵੱਡਾ ਬੰਦਾ ਬਣ ਜਾਂਦੈ। ਕੌੜੀ ਤੇ ਸੱਚ ਗੱਲ ਕਰਨ ਵਾਲਾ ਤੁਹਾਨੂੰ ਜ਼ਹਿਰ ਲੱਗਣ ਲੱਗ ਪੈਂਦੈ। ਤੁਸੀਂ ਉਸ ਦੇ ਪਿੱਛੇ ਪੈ ਜਾਂਦੇ ਹੋ। ਰਿਸ਼ੀ ਬੇਟਾ, ਮੈਂ ਤੇਰੇ ਤੋਂ ਕੋਈ 3 ਚਾਰ ਹਜ਼ਾਰ ਸਾਲ ਵੱਡਾ ਆਂ...ਮੈਂ ਤੁਹਾਨੂੰ ਪ੍ਰੈਕਟਿਕਲ ਬਣਨ ਲਈ ਕਹਿੰਦਾ ਰਿਹਾ ਪਰ ਤੁਸੀਂ ਪ੍ਰੈਕਟਿਕਲ ਬਣਨ ਦੀ ਥਾਂ ਝੂਠੇ ਤੇ ਬੇਈਮਾਨ ਬਣ ਗਏ। ਤੁਸੀਂ ਰੱਬ ਨੂੰ ਮੰਨੀ ਜਾਂਦੇ ਓ ਪਰ ਰੱਬ ਦੀ ਕਹੀ ਗੱਲ ਕੋਈ ਮੰਨਦੇ ਨਹੀਂ। ਪਹਿਲਾਂ ਤਾਂ ਇਹੀ ਨਹੀਂ ਪਤਾ ਕਿ ਰੱਬ ਹੈ ਵੀ ਕਿ ਨਹੀਂ? ਕਿਸੇ ਨੇ ਦੇਖਿਆ ਨਹੀਂ, ਜਿਹਨੇ ਦੇਖਿਆ ਉਹਨੇ ਕਦੀ ਦੱਸਿਆ ਨਹੀਂ...ਫਿਰ ਇਸ ਗੱਲ ਨੂੰ ਮੰਨ ਕਿਵੇਂ ਲਿਆ ਜਾਵੇ? ਮੈਂ ਇਹੀ ਗੱਲ ਕਹਿੰਦਾ ਸੀ ਤੇ ਲੋਕ ਮੇਰੀ ਆਲੋਚਨਾ ਕਰਨ ਲੱਗ ਪੈਂਦੇ ਸਨ, ਹੁਣ ਤੁਹਾਡੇ ਕੋਲ ਤਾਂ ਮੈਂ ਸੁਣਿਐ ਕਿ ਗੋਲੀਆਂ-ਬੰਦੂਕਾਂ ਆ ਗਈਆਂ ਨੇ, ਡੰਡੇ ਹੱਥ ਆ ਗਏ ਨੇ ਤੇ ਤੁਸੀਂ ਉਹਨਾਂ ਦੀ ਵਰਤੋਂ ਕਰਕੇ ਖੁਦ ਨੂੰ ਸਹੀ ਸਾਬਤ ਕਰਨ ਲੱਗ ਪਏ ਓ। ਇਹ ਕਿਹੜੀ ਧਾਰਮਿਕਤਾ ਐ? ਇਹ ਕਿਹੜਾ ਧਰਮ ਸਿਖਾਉਂਦਾ ਐ? ਅਜਿਹਾ ਕਰਕੇ ਕਿਹੜਾ ਸਵਰਗ ਮਿਲੇਗਾ ਜਾਂ ਮੁਕਤੀ ਹਾਸਲ ਕਰਨੀ ਹੈ ਤੁਸੀਂ? ਤੁਹਾਡੇ ਓਂਟੈਰੀਓ ਸੂਬੇ ਦੇ ਪ੍ਰੀਮੀਅਰ ਨੇ ਇੱਕ ਇਸ਼ਤਿਹਾਰ ਚਲਾਇਆ, ਅਮੈਰਿਕਾ ਸਰਕਾਰ ਦੇ ਖਿਲਾਫ਼। ਮੈਨੂੰ ਕਿਸੇ ਨੇ ਦੱਸਿਆ ਕਿ 75 ਮਿਲੀਅਨ ਡਾਲਰ ਦਾ ਖ਼ਰਚਾ ਸਿਰਫ਼ ਇਹ ਦੱਸਣ ਲਈ ਕੀਤਾ ਗਿਆ ਹੈ ਕਿ ਅਮੈਰਿਕਾ ਟੈਰਿਫ਼ ਲਗਾ ਕੇ ਗ਼ਲਤ ਕੰਮ ਕਰ ਰਿਹਾ ਹੈ ਤੇ ਅਮੈਰਿਕਾ ਦਾ ਹੀ ਇੱਕ ਸਾਬਕਾ ਰਾਸ਼ਟਰਪਤੀ ਟੈਰਿਫ਼ ਲਗਾਏ ਜਾਣ ਦੀ ਕੋਈ 38 ਸਾਲ ਪਹਿਲਾਂ ਮੁਖਾਲਫਿਤ ਕਰਦਾ ਹੁੰਦਾ ਸੀ। ਪ੍ਰੀਮੀਅਰ ਸਾਹਬ ਬਹੁਤ ਖੁਸ਼ ਨੇ ਕਿ ਕੋਈ 11 ਬਿਲੀਅਨ ਲੋਕਾਂ ਨੇ ਇਹ ਇਸ਼ਤਿਹਾਰ ਦੇਖਿਆ ਹੈ। ਹੁਣ ਜਿਹਨਾਂ ਨੇ ਇਹ ਇਹ ਇਸ਼ਤਿਹਾਰ ਦੇਖਿਆ, ਉਹਨਾਂ ਨੇ ਕਿਹੜੇ ਕੱਦੂ 'ਚ ਕੋਈ ਤੀਰ ਮਾਰ ਲੈਣਾ ਹੈ? ਪਰ ਜਿਸ ਨੇ ਇਹ ਇਸ਼ਤਿਹਾਰ ਬਣਾਇਐ, ਉਹਦੇ ਬਾਰੇ ਮੈਨੂੰ ਦੱਸਿਆ ਕਿਸੇ ਨੇ ਉਹ ਪ੍ਰੀਮੀਅਰ ਦੀ ਆਪਣੀ ਪਾਰਟੀ ਦਾ ਕੋਈ ਬੰਦਾ ਐ। 75 ਮਿਲੀਅਨ ਡਾਲਰ ਵਿਚੋਂ ਉਸ ਨੂੰ ਕਿੰਨਾ ਮਿਲਿਐ, ਇਹ ਤਾਂ ਰਿਸ਼ੀ ਬੇਟਾ ਤੁਹਾਨੂੰ ਕਿਸੇ ਨੇ ਦੱਸਣਾ ਨਹੀਂ, ਪਰ ਪ੍ਰੀਮੀਅਰ ਜਿਸ ਕਿਸੇ ਦੇ ਵੀ ਵਾਰੇ ਨਿਆਰੇ ਕਰ ਗਿਐ, ਉਹਨੇ ਪ੍ਰੀਮੀਅਰ ਦਾ ਕੀ ਕੁੱਝ ਸਵਾਰਿਆ ਹੋਊ...ਇਹ ਸੋਚੋ। ਮੈਨੂੰ ਬੜੀ ਖੁਸ਼ੀ ਐ ਕਿ ਸਾਰੇ ਕੈਨੇਡਾ ਵਿੱਚ ਸਿਰਫ਼ ਤੁਹਾਡਾ ਇਹ ਪ੍ਰੀਮੀਅਰ ਹੀ ਰਹਿ ਗਿਆ ਹੈ ਜਿਹੜਾ ਮੇਰੀ ਗੱਲ ਮੰਨਦਾ ਹੈ ਤੇ ਤੁਹਾਡੇ ਸਾਰਿਆਂ ਦੀ ਥਾਂ ਖੁਦ ਹੀ ਘਿਉ ਪੀਂਦਾ ਜਾ ਰਿਹੈ। ਤੁਸੀਂ ਰੋਈ-ਪਿੱਟੀ ਜਾਉ!

ਆਪਣੇ ਬੰਦੇ ਨੂੰ ਔਬਲਾਇਜ ਵੀ ਕਰ ਗਿਆ, ਤੁਹਾਡੇ 75 ਮਿਲੀਅਨ ਡਾਲਰ ਵੀ ਰਗੜ ਗਿਆ, ਇਸ਼ਿਤਿਹਾਰ ਬੰਦ ਵੀ ਹੋ ਗਿਆ, ਭੂਰੇ ਵਾਲਾਂ ਵਾਲੇ ਬਾਬੇ ਤੋਂ ਡਾਂਗਾਂ ਸਾਰੇ ਮੁਲਕ ਨੂੰ ਪੁਆ ਦਿੱਤੀਆਂ ਉਹ ਆਪਣੇ ਪੁੜੇ ਸੇਕਦੇ ਫਿਰਦੇ ਨੇ ਤੇ ਤੁਹਾਡਾ ਸਾਰਾ ਮੁਲਕ ਹੁਣ ਇਉਂ ਮੁਰਗਾ ਬਣਿਆ ਬੈਠਾ ਜਿਵੇਂ ਸੱਤਿਆ ਭੈਣ ਜੀ ਤੈਨੂੰ ਕਿਸੇ ਵੇਲੇ ਤੇਰੇ ਸਕੂਲ ਦੀ ਕਲਾਸ ਵਿੱਚ ਤੈਨੂੰ ਮੁਰਗਾ ਬਣਾਉਂਦੀ ਹੁੰਦੀ ਸੀ।

ਤੁਹਾਡੇ ਕੈਲਗਰੀ ਸ਼ਹਿਰ ਦੀਆਂ ਹੁਣੇ ਹੁਣੇ ਚੋਣਾਂ ਹੋ ਕੇ ਹਟੀਆਂ ਨੇ। ਮੈਂ ਸੁਣਿਆ ਕਿ ਲੱਖਾਂ ਡਾਲਰ ਖ਼ਰਚ ਦਿੱਤੇ ਨੇ ਤੁਸੀਂ...ਕਿਸੇ ਦੇ ਗਿੱਟਿਆਂ ਵਿੱਚ ਇੰਨਾ ਦਮ ਹੈ ਕਿ ਪੁੱਛੇ ਕਿ ਇੰਨਾ ਖ਼ਰਚਾ ਆਇਆ ਕਿੱਥੋਂ? ਚੋਣ ਜਿੱਤਣ ਲਈ ਬੇਈਮਾਨੀ ਨਾਲ ਖ਼ਰਚਾ ਕੀਤਾ ਗਿਆ ਹੈ ਪਰ ਤੁਹਾਡੇ ਕੋਲ ਦਮ ਨਹੀਂ ਕਿ ਤੁਸੀਂ ਪੁੱਛ ਸਕੋ। ਸਾਡੇ ਵੇਲੇ ਤਾਂ ਇਉਂ ਨਹੀਂ ਸੀ ਹੁੰਦਾ ਕਿ ਲੱਖਾਂ ਖ਼ਰਚ ਕਰਕੇ ਕੋਈ ਸੇਵਾ ਕਰਨ ਨਿਕਲਿਆ ਹੋਵੇ। ਸੇਵਾ ਕਰਨ ਲਈ ਵੀ ਕੋਈ ਖ਼ਰਚਾ ਕਰਦਾ ਹੁੰਦਾ ਭਲਾ?

ਮੈਨੂੰ ਕਿਸੇ ਨੇ ਦੱਸਿਆ ਕਿ ਗੋਰਿਆਂ ਨੂੰ ਆਪਣੇ ਮੁਲਕ ਵਿਚੋਂ ਕੱਢ ਕੇ ਤੁਸੀਂ ਗੋਰਿਆਂ ਦੇ ਮੁਲਕ ਵਿੱਚ ਆ ਵੜੇ ਓ! ਹੁਣ ਉੱਥੇ ਤੁਸੀਂ ਉਹਨਾਂ ਨੂੰ ਭਜਾਉਣਾ ਸ਼ੁਰ ਕਰਤੈ। ਪਰ ਬੇਟਾ, ਇਹ ਯਾਦ ਰੱਖਣਾ ਕਿ ਤੁਹਾਨੂੰ ਤੇ ਤੁਹਾਡੀਆਂ ਨਸਲਾਂ ਨੂੰ ਮੈਂ ਚਿਰਾਂ ਤੋਂ ਜਣਦਾਂ। ਤੁਸੀਂ ਆਪਣੇ ਤੋਂ ਅੱਗੇ ਕਿਸੇ ਨੂੰ ਨਿੱਕਲਦਾ ਦੇਖ ਨਹੀਂ ਸਕਦੇ। ਤੁਸੀਂ ਆਪਣੇ ਮੁਲਕ ਦੇ ਦੋ ਵਿਅਕਤੀਆਂ ਤੋਂ ਘਟਾ ਕੇ ਸਿਰਫ਼ ਇੱਕ ਨੂੰ ਜਿਤਾਇਆ ਹੈ। ਸਿਰਫ਼ ਦੋ ਔਰਤਾਂ ਤੇ ਭਾਰਤੀ ਮੂਲ ਦਾ ਇੱਕ ਬੰਦਾ ਜਿੱਤਿਆ ਹੈ। ਬਾਕੀ ਸਾਰੇ ਗੋਰੇ ਜਿਤਾਏ ਨੇ। ਗੋਰੇ ਇਹਨਾਂ ਦੇ ਪੈਰ ਲੱਗਣ ਦੇਣਗੇ ਕਿ ਨਹੀਂ, ਇਹ ਤਾਂ ਪਤਾ ਬਾਦ ਵਿੱਚ ਲੱਗੂ ਪਰ ਤੁਹਾਡੇ ਕੂੜ ਦੇ ਪਸਾਰੇ ਦਾ ਪਤਾ ਲੱਗ ਗਿਐ। ਮੈਨੂੰ ਤਾਂ ਦੱਸਿਆ ਗਿਐ ਕਿ ਤੁਹਾਡੇ ਮਿੱਤਰਾਂ ਨੇ ਤੁਹਾਡੀਆਂ ਕੀਮਤਾਂ ਲਗਾਈਆਂ ਨੇ ਤਾਂ ਕਿ ਚੋਣ ਜਿੱਤੀ ਜਾ ਸਕੇ। ਮਤਲਬ ਕਿ ਤੁਸੀਂ ਵਿਕਣ ਵਿਕਾਉਣ 'ਤੇ ਆ ਡਿੱਗੇ ਓ!

ਮੈਂ ਆਪਣੇ ਟਾਇਮ 'ਤੇ ਲੋਕਾਂ ਨੂੰ ਪ੍ਰੈਕਟਿਕਲ ਹੋਣ ਵਾਸਤੇ ਕਿਹਾ ਸੀ, ਬੇਈਮਾਨ ਹੋਣ ਲਈ ਨਹੀਂ ਕਿਹਾ ਸੀ। ਤੁਸੀਂ ਤਿਉਹਾਰਾਂ ਨੂੰ ਮਨਾਉਣ ਲਈ ਪਟਾਕੇ ਚਲਾਉਂਦੇ ਓ...ਮੈਨੂੰ ਦੱਸਿਆ ਕਿਸੇ ਨੇ ਕੈਨੇਡਾ ਵਿੱਚ ਤਾਂ ਘਰ ਵੀ ਲੱਕੜੀ ਦੇ ਹੁੰਦੇ ਨੇ ਤੇ ਸੜਣ ਲਈ ਹਮੇਸ਼ਾ ਤਿਆਰ ਰਹਿੰਦੇ ਨੇ! ਤੁਸੀਂ ਆਪਣੀ ਇਸ ਕਰਤੂਤ ਨੂੰ ਜਾਰੀ ਰੱਖਣ ਲਈ ਵੀ ਇਸ ਦਾ ਰਸਤਾ ਵੀ ਲੱਭ ਲਿਆ ਹੈ ਕਿ ਜੇ ਗੋਰੇ ਕਰਨਗੇ ਤਾਂ ਤੁਸੀਂ ਵੀ ਕਰੋਗੇ। ਗੋਰੇ ਵੀ ਕਾਰਾਂ ਦੀਆਂ ਛੱਤਾਂ 'ਤੇ ਚੜ੍ਹ ਕੇ ਆਪਣੇ ਹੱਥਾਂ ਵਿੱਚ ਬਾਰੂਦ ਦੇ ਡੱਬੇ ਫੜ ਕੇ ਚਲਾਉਂਦੇ ਨੇ? ਜੇ ਉਹ ਵੀ ਏਦਾਂ ਕਰਦੇ ਨੇ ਤਾਂ ਤੁਹਾਨੂੰ ਕੌਣ ਰੋਕ ਸਕਦਾ ਉਹਨਾਂ ਦੇ ਮੁਲਕ ਵਿੱਚ ਜਾ ਕੇ ਆਪਣੀ ਨਸਲ ਦਾ ਹੁੜਦੰਗ ਮਚਾਉਣ ਤੋਂ? ਤੇ ਰਿਸ਼ੀ ਬੇਟਾ, ਰੁਕਣਾ ਵੀ ਨਾ! ਤੁਹਾਡੀਆਂ ਕਦਰਾਂ ਕੀਮਤਾਂ ਵੱਖ ਨੇ, ਗੋਰਿਆਂ ਦੀਆਂ ਵੱਖ ਨੇ...ਤੁਸੀਂ ਨਕਲ ਕਰਨ ਦੀ ਕੋਸ਼ਿਸ਼ ਵੀ ਨਾ ਕਰਨਾ ਕਿਉਂਕਿ ਤੁਹਾਡੇ ਤੋਂ ਇਹ ਹੋਣੀ ਨਹੀਂ।

ਨਿਯਮ ਕਾਨੂੰਨ ਲੋਕਾਂ ਲਈ ਜਾਂ ਦੂਜਿਆਂ ਲਈ ਹੁੰਦੇ ਨੇ, ਆਪਣੇ ਲਈ ਨਹੀਂ! ਸ਼ਾਬਾਸ਼! ਬੱਚੇ...! ਆਪਣਾ ਤੇ ਆਪਣੀ ਨਸਲ ਦਾ ਨਾਮ ਇਸੇ ਤਰ੍ਹਾਂ ਉੱਚਾ ਰੱਖਣਾ।ਮੈਂ ਸਹੀ ਕਿਹਾ ਸੀ... ਜਦੋਂ ਤੱਕ ਜੀਉ, ਸੁਖ-ਆਰਾਮ ਨਾਲ ਜੀਉ...ਦੂਜਿਆਂ ਦੀ ਐਸੀ ਤੈਸੀ...ਉਹ ਆਪਣਾ ਸੁਖ-ਆਰਾਮ ਕਿਤੋਂ ਹੋਰ ਲੱਭ ਲੈਣ ਜਾ ਕੇ! ਬੱਸ! ਮੈਂ ਤਾਂ ਹੱਲਾਸ਼ੇਰੀ ਦੇਣ ਲਈ ਚਿੱਠੀ ਲਿਖੀ ਐ...ਇਸੇ ਤਰ੍ਹਾਂ ਬਰਕਰਾਰ ਰੱਖੋ ਸਿਲਸਿਲਾ ਉਦੋਂ ਤੱਕ ਜਦੋਂ ਤੱਕ ਗੋਰੇ ਵੀ ਤੁਹਾਨੂੰ ਇਥੋਂ ਕੱਢ ਨਹੀਂ ਦਿੰਦੇ, ਜਿਵੇਂ ਤੁਸੀਂ ਉਹਨਾਂ ਨੂੰ ਕੱਢਿਆ ਸੀ!

**ਬਾਇ ਬੇਟਾ, ਆਚਾਰੀਆ,**
**ਮਹਾਰਿਸ਼ੀ ਚਾਰਵਾਕ!**

---



ਪੰਜਾਬੀ ਅਖਬਾਰ ਆਪ ਪੜ੍ਹੋ ਅਤੇ ਹੋਰਾਂ ਨੂੰ ਪੜ੍ਹਨ ਦੀ ਆਦਤ ਪਾਓ

ਮੁੱਖ ਸੰਪਾਦਕ ਹਰਬੰਸ ਸਿੰਘ ਬੁੱਟਰ
403 640 2000
punjabiakhbaar@gmail.com

This disclaimer informs the readers of 'the Punjabi Akhbaar' that the views, thoughts, and opinions expressed in the texts belong solely to their authors, and not necessarily to the author's employer, organization, committee or other group or individual, and the Editor and Publisher of this Newspaper. The concerned companies that advertise in this News Paper are responsible for the content, information, price, warranty, guaranty, quality etc. and not 'the Punjabi Akhbaar'. The Editor reserves the right to edit or not the articles, reports and/or news published herein.
-Editor

ਨੋਟ: "ਪੰਜਾਬੀ ਅਖ਼ਬਾਰ" ਵਿੱਚ ਛਪਣ ਵਾਲੀ ਸਮੱਗਰੀ ਵਿਚਲੇ ਵਿਚਾਰ ਉਹਨਾਂ ਦੇ ਲੇਖਕਾਂ ਦੇ ਹੀ ਸਮਝੇ ਜਾਣ, ਸੰਪਾਦਕ ਜਾਂ ਪਬਲਿਸ਼ਰ ਦਾ ਉਹਨਾਂ ਨਾਲ ਸਹਿਮਤ ਜਾਂ ਅਸਹਿਮਤ ਹੋਣਾ ਕੋਈ ਜਰੂਰੀ ਨਹੀਂ। "ਪੰਜਾਬੀ ਅਖ਼ਬਾਰ" ਵਿੱਚ ਛਪਦੇ ਇਸਤਿਹਾਰਾਂ ਸਬੰਧੀ, ਸਬੰਧਤ ਚੀਜਾਂ ਪ੍ਰਤੀ ਜਾਣਕਾਰੀ, ਕੀਮਤ, ਵਾਰੰਟੀ, ਕੁਆਲਿਟੀ, ਸਬੰਧੀ ਇਸਤਿਹਾਰ ਦੇਣ ਵਾਲੀ ਕੰਪਨੀ ਹੀ ਜਿੰਮੇਬਾਰ ਹੈ। 'ਪੰਜਾਬੀ ਅਖ਼ਬਾਰ' ਨੂੰ ਭੇਜੀ ਗਈ ਹਰ ਰਚਨਾਂ, ਰਿਪੋਰਟ, ਜਾਂ ਖ਼ਬਰ ਨੂੰ ਪ੍ਰਕਾਸ਼ਿਤ ਕਰਨ ਤੋਂ ਪਹਿਲਾਂ ਆਡਿਟ ਜਾਂ ਨਾ ਆਡਿਟ ਕਰਨ ਦਾ ਪੂਰਾ ਅਧਿਕਾਰ ਹੈ।
– ਸੰਪਾਦਕ

# ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਬੇਮਿਸਾਲ ਅਤੇ ਵਿਲੱਖਣ ਸ਼ਹਾਦਤ



ਜਸਵਿੰਦਰ ਸਿੰਘ ਰੁਪਾਲ
- 9814715796

**ਕਿਹਾ ਜਾਂਦਾ ਏ ਕਿ ਉਹ ਇਕ ਦਿਨ ਵਿਚ ਸਵਾ ਮਣ ਜੰਞੂ ਉਤਾਰਦਾ ਸੀ, ਜਿਹਨਾਂ ਨੂੰ ਜਾਂ ਤਾਂ ਇਸਲਾਮ ਵਿਚ ਸ਼ਾਮਲ ਕਰ ਲਿਆ ਜਾਂਦਾ ਸੀ ਤੇ ਜਾਂ ਮੌਤ ਦੇ ਘਾਟ ਉਤਾਰ ਦਿੱਤਾ ਜਾਂਦਾ ਸੀ।ਕਸ਼ਮੀਰ ਦੇ ਹਿੰਦੂ ਇਸ ਜ਼ੁਲਮ ਤੋਂ ਬਹੁਤ ਜਿਆਦਾ ਦੁਖੀ ਸਨ। ਉਹਨਾਂ ਕਸ਼ਮੀਰ ਦੇ ਸਿੱਖ ਪ੍ਰਚਾਰਕ ਭਾਈ ਕਿਰਪਾ ਰਾਮ ਨੂੰ ਨਾਲ ਲਿਆ ਅਤੇ ਅਨੰਦਪੁਰ ਸਾਹਿਬ ਵਿਚ ਗੁਰੂ ਨਾਨਕ ਦੀ ਗੱਦੀ ਤੇ ਬਿਰਾਜਮਾਨ ਗੁਰੂ ਤੇਗ ਬਹਾਦਰ ਜੀ ਕੋਲ ਆ ਫਰਿਆਦ ਕੀਤੀ। ਕਿਉਂਕਿ ਉਹਨਾਂ ਨੂੰ ਭਰੋਸਾ ਸੀ ਕਿ ਗੁਰੂ ਨਾਨਕ ਦਾ ਘਰ ਦਰ ਆਇਆਂ ਦੀ ਲਾਜ ਰੱਖਦਾ ਹੈ। ਗੁਰੂ ਤੇਗ ਬਹਾਦਰ ਜੀ ਨੇ ਉਹਨਾਂ ਦੇ ਦੁੱਖੜੇ ਸੁਣੇ। ਆਪ ਜੀ ਦਾ ਕੋਮਲ ਹਿਰਦਾ ਵਲੂੰਧਰਿਆ ਗਿਆ। ਉਹਨਾਂ ਗੰਭੀਰ ਚਿੰਤਨ ਤੋਂ ਬਾਅਦ ਉਹਨਾਂ ਨੂੰ ਕਿਹਾ ਕਿ ਉਹ ਆਪਣੇ ਰਾਜੇ ਨੂੰ ਸੁਨੇਹਾ ਦੇਣ ਕਿ ਜੇ ਤੇਗ ਬਹਾਦਰ ਮੁਸਲਮਾਨ ਬਣ ਜਾਵੇ, ਅਸੀਂ ਸਾਰੇ ਮੁਸਲਮਾਨ ਬਣ ਜਾਵਾਂਗੇ। ਸੁਨੇਹਾ ਮਿਲਣ ਤੇ ਰਾਜਾ ਬਹੁਤ ਖੁਸ਼ ਹੋਇਆ। ਉਸਨੂੰ ਲੱਗਾ ਕਿ ਇੱਕ ਵਿਅਕਤੀ ਨੂੰ ਮੁਸਲਮਾਨ ਬਣਾਉਣਾ ਸੌਖਾ ਹੈ।**

ਵਕਤ ਆਪਣੀ ਚਾਲ ਚੱਲਦਾ ਰਹਿੰਦਾ ਹੈ। ਕੋਈ ਵਕਤ ਅਜਿਹਾ ਵੀ ਆਉਂਦਾ ਹੈ ਜਦੋਂ ਕੋਈ ਸ਼ਖਸ਼ੀਅਤ ਆਪਣੇ ਖ਼ੂਨ ਨਾਲ ਇਸਦੇ ਸਫ਼ੇ ਤੇ ਕੁਝ ਅਜਿਹਾ ਲਿਖ ਜਾਂਦੀ ਹੈ, ਜੋ ਇਤਿਹਾਸ ਲਈ ਤਾਂ ਸ਼ਾਨਦਾਰ ਹੁੰਦਾ ਹੀ ਹੈ ਆਉਣ ਵਾਲੀਆਂ ਸਦੀਆਂ ਅਤੇ ਯੁੱਗਾਂ ਤੱਕ ਉਹ ਲਿਖਿਆ ਵਿਚਾਰਿਆ ਜਾਂਦਾ ਰਿਹਾ ਹੈ ਅਤੇ ਭਵਿੱਖ ਦੀਆਂ ਸੈਂਕੜੇ ਪੀੜ੍ਹੀਆਂ ਉਸ ਲਿਖੇ ਹੋਏ ਤੋਂ ਸਬਕ ਲੈਂਦੀਆਂ ਹਨ। ਕੁਝ ਆਪਣੀਆਂ ਜਿੰਦਗੀਆਂ ਵਿੱਚ ਇਸ ਲਿਖੇ ਦਾ ਅਨੁਵਾਦ ਕਰਦੇ ਹਨ ਅਤੇ ਇਤਿਹਾਸ ਦੇ ਸੁਨਹਿਰੀ ਪੰਨਿਆਂ ਵਿੱਚ ਇਜ਼ਾਫ਼ਾ ਹੁੰਦਾ ਰਹਿੰਦਾ ਹੈ। ਵੈਸੇ ਤਾਂ ਸਿੱਖ ਇਤਿਹਾਸ ਨੂੰ ਸਾਰੇ ਨੂੰ ਹੀ ਸ਼ਹੀਦਾਂ ਦਾ ਇਤਿਹਾਸ ਕਿਹਾ ਜਾਵੇ ਤਾਂ ਕੋਈ ਅਤਿ-ਕਥਨੀ ਨਹੀਂ ਹੋਵੇਗੀ। ਪਰ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਬਿਲਕੁਲ ਅਨੂਠੀ ਅਤੇ ਲਾ ਮਿਸਾਲ ਹੈ। ਚਾਂਦਨੀ ਚੌਂਕ ਦਾ ਸੰਦੇਸ਼ ਸੰਸਾਰ ਦੇ ਅਮਨ ਅਤੇ ਨਿਆਂ ਪਸੰਦ ਹਿਰਦਿਆਂ ਲਈ ਪ੍ਰੇਰਨਾ ਦਿੰਦਾ ਰਹੇਗਾ ਅਤੇ ਵਿਸ਼ਵ- ਇਤਿਹਾਸ ਨੂੰ ਮਾਨਵੀ ਅਜਾਦੀ ਅਤੇ ਸਮਾਨਤਾ ਦੇ ਗਾਡੀ ਰਾਹ ਤੇ ਚੱਲਣ ਲਈ ਮਾਰਗ ਦਰਸ਼ਕ ਬਣਿਆ ਰਵੇਗਾ। ਚਾਂਦਨੀ ਚੌਂਕ ਦੇ ਸਾਕੇ ਦੇ 350ਵੇਂ ਵਰ੍ਹੇ ਤੇ ਕੁਝ ਸ਼ਬਦਾਂ ਰਾਹੀਂ ਸ਼ਹੀਦਾਂ ਦੇ ਡੁੱਲ੍ਹੇ ਖ਼ੂਨ ਨੂੰ ਸ਼ਰਧਾਂਜਲੀ ਦੇਣ ਦੀ ਨਿਮਾਣੀ ਜਿਹੀ ਕੋਸ਼ਿਸ਼ ਕਰਦੇ ਹਾਂ। ਬਹੁਤ ਹੀ ਸੰਖੇਪ ਵਿੱਚ ਗੁਰੂ ਤੇਗ ਬਹਾਦਰ ਜੀ ਦੇ ਜੀਵਨ ਤੇ ਝਾਤ ਮਾਰਦੇ ਹਾਂ। ਆਪ ਜੀ ਦਾ ਜਨਮ 1 ਅਪ੍ਰੈਲ 1621 ਈਸਵੀ ਨੂੰ ਪਿਤਾ ਗੁਰੂ ਹਰਗੋਬਿੰਦ ਜੀ ਦੇ ਘਰ ਅਤੇ ਮਾਤਾ ਨਾਨਕੀ ਜੀ ਦੀ ਕੁੱਖੋਂ ਅੰਮ੍ਰਿਤਸਰ ਸ਼ਹਿਰ ਵਿਖੇ ਹੋਇਆ, ਜਿੱਥੇ ਅੱਜ ਗੁਰਦੁਆਰਾ ਗੁਰੂ ਕੇ ਮਹਿਲ ਸੁਸ਼ੋਭਿਤ ਹੈ। ਆਪ ਜੀ ਦਾ ਬਚਪਨ ਦਾ ਨਾਮ ਤਿਆਗ ਮੱਲ ਸੀ।1635 ਈਸਵੀ ਵਿੱਚ ਆਪ ਜੀ ਨੇ ਗੁਰੂ ਹਰਿਗੋਬਿੰਦ ਜੀ ਦੀ ਕਰਤਾਰਪੁਰ ਦੀ ਲੜਾਈ ਵਿੱਚ ਤੇਗ ਦੇ ਐਸੇ ਜੌਹਰ ਦਿਖਾਏ ਕਿ ਗੁਰੂ ਜੀ ਨੇ ਉਹਨਾਂ ਦਾ ਨਾਮ ਤਿਆਗ ਮੱਲ ਤੋਂ ਬਦਲ ਕੇ ਤੇਗ ਬਹਾਦਰ ਕਰ ਦਿੱਤਾ । ਉਨ੍ਹਾਂ ਦਾ ਵਿਆਹ ਲਖਨੌਰ ਪਿੰਡ ਦੇ ਭਾਈ ਲਾਲ ਚੰਦ ਦੀ ਸਪੁੱਤਰੀ ਬੀਬੀ ਗੁਜਰੀ ਨਾਲ 1634 ਈਸਵੀ ਨੂੰ ਹੋਇਆ। ਆਪ ਜੀ ਦੇ ਵਿਆਹ ਤੋਂ 32 ਸਾਲ ਬਾਅਦ ਆਪ ਜੀ ਦੇ ਘਰ ਪੁੱਤਰ ਦਾ ਜਨਮ ਹੋਇਆ, ਜਿਸ ਨੂੰ ਆਪ ਉਦੋਂ ਮਿਲੇ, ਜਦੋਂ ਉਹ 5 ਸਾਲ ਦਾ ਹੋ ਗਿਆ ਸੀ। ਆਪ ਜੀ ਸ਼ੁਰੂ ਤੋਂ ਹੀ ਮਨ ਨੀਵਾਂ ਅਤੇ ਮੱਤ ਉੱਚੀ ਦੇ ਧਾਰਨੀ ਸ਼ਨ। ਨੈਤਿਕ ਗੁਣਾਂ ਨਾਲ ਬਚਪਨ ਤੋਂ ਹੀ ਭਰਪੂਰ ਸਨ। 1664 ਈਸਵੀ ਨੂੰ ਆਪ ਜੀ ਨੂੰ ਗੁਰਗੱਦੀ ਮਿਲੀ । ਗੁਰੂ ਹਰਿਕ੍ਰਿਸ਼ਨ ਜੀ ਨੇ ÷ ਬਾਬਾ ਬਕਾਲੇ÷ ਆਖ ਕੇ ਅਗਲੇ ਉੱਤਰ ਅਧਿਕਾਰੀ ਵੱਲ ਇਸ਼ਾਰਾ ਕਰ ਦਿੱਤਾ ਸੀ। ਪਰ ਧੀਰਮੱਲੀਆਂ ਅਤੇ ਰਾਮਰਾਈਆਂ ਨੇ ਆਪ ਗੁਰੂ ਬਣਨ ਲਈ 22 ਮੰਜੀਆਂ ਲਗਾ ਲਈਆਂ ਸਨ। ਭਾਈ ਮੱਖਣ ਸ਼ਾਹ ਲੁਬਾਣੇ ਰਾਹੀਂ ਪ੍ਰਗਟ ਹੋਏ ਤੇਗ ਬਹਾਦਰ ਜੀ ਗੁਰੂ ਬਣੇ ਅਤੇ ਸਿੱਖੀ ਪ੍ਰਚਾਰ ਵਿੱਚ ਜੁਟ ਗਏ। ਗੁਰੂ ਬਣਨ ਤੋਂ ਬਾਅਦ ਆਪ ਜੀ ਨੂੰ ਹਰਿਮੰਦਰ ਸਾਹਿਬ ਵਿਖੇ ਦਾਖਲ ਨਹੀਂ ਹੋਣ ਦਿੱਤਾ ਗਿਆ, ਆਪ ਜੀ ਕੁਝ ਦੂਰੀ ਤੇ ਹੀ ਬੈਠ ਕੇ ਮੁੜ ਗਏ, ਜਿੱਥੇ ਅੱਜਕੱਲ੍ਹ ਗੁਰਦੁਆਰਾ ਥੜ੍ਹਾ ਸਾਹਿਬ ਸੁਸ਼ੋਭਿਤ ਹੈ। ਤਰਨਤਾਰਨ, ਖਡੂਰ ਸਾਹਿਬ, ਗੋਇੰਦਵਾਲ ,ਤਲਵੰਡੀ ਸਾਬੋ,ਮੌੜ ਮੰਡੀ,ਮਹਿਸਰਖਾਨਾ ਆਦਿ ਦੀ ਯਾਤਰਾ ਕੀਤੀ। ਕਹਿਲੂਰ ਦੇ ਰਾਜੇ ਤੋਂ ਜਮੀਨ ਖਰੀਦ ਕੇ ਚੱਕ ਨਾਨਕੀ ਸ਼ਹਿਰ ਵਸਾਇਆ, ਜਿਸ ਦਾ ਨਾਮ ਮਾਖੋਵਾਲ ਅਤੇ ਬਾਅਦ ਵਿੱਚ ਅਨੰਦਪੁਰ ਸਾਹਿਬ ਪ੍ਰਸਿੱਧ ਹੋਇਆ। 1656 ਈਸਵੀ ਤੋਂ ਭਾਰਤ ਦਾ ਪ੍ਰਚਾਰਕ ਦੌਰਾ ਆਰੰਭ ਕੀਤਾ।ਘਨੌਲੀ, ਰੋਪੜ, ਧਮਤਾਨ, ਕੁਰੂਕਸ਼ੇਤਰ, ਮਥੁਰਾ, ਆਗਰਾ ,ਕਾਨਪੁਰ, ਅਲਾਹਾਬਾਦ, ਪ੍ਰਯਾਗ,ਕਾਂਸੀ ,ਗਯਾ ਅਤੇ ਪਟਨਾ ਵਿਖੇ ਵੀ ਗਏ। ਪੂਰਬੀ ਭਾਰਤ ਵਿਚ ਗੁਰੂ ਜੀ ਬਿਹਾਰ, ਆਸਾਮ, ਬੰਗਾਲ ਅਤੇ ਢਾਕਾ ਵਿਖੇ ਵੀ ਸਿੱਖੀ ਦੇ ਪ੍ਰਚਾਰ ਲਈ ਗਏ । ਵੱਖ ਵੱਖ ਧਾਰਮਿਕ ਸਥਾਨਾਂ ਉੱਤੇ ਵੀ ਗਏ। ਅਤੇ ਗੁਰਮਤਿ ਦ੍ਰਿੜ੍ਹ ਕਰਵਾਉਂਦੇ ਰਹੇ ।ਸ਼ਬਦ ਦੇ ਪ੍ਰਚਾਰ ਦੇ ਨਾਲ ਹੀ ਆਪ ਜੀ ਨੇ ਖੁਦ ਵੀ ਬਾਣੀ ਦੀ ਰਚਨਾ ਕੀਤੀ, ਜਿਸ ਦਾ ਆਸ਼ਾ ਅਤੇ ਮਨੋਰਥ ਨਾਨਕ-ਸਿਧਾਂਤ ਦੇ ਪੂਰਨ ਅਨੁਕੂਲ ਹੈ। ਆਪ ਜੀ ਦੀ ਬਾਣੀ ਵਿੱਚ ਨਾਸ਼ਮਾਨਤਾ, ਬੈਰਾਗ ਅਤੇ ਪ੍ਰਭੂ ਪ੍ਰੇਮ ਦਾ ਭਰਪੂਰ ਮਾਤਰਾ ਵਿੱਚ ਵਰਨਣ ਹੈ। ਆਪ ਜੀ ਦੀ ਬਾਣੀ 15 ਰਾਗਾਂ ਵਿੱਚ ਪ੍ਰਾਪਤ ਹੈ ,ਜਿਸ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਆਦਿ ਬੀੜ ਵਿੱਚ ਸ਼ਾਮਲ ਕਰਵਾ ਕੇ ਉਸਨੂੰ ਗੁਰੂ ਗ੍ਰੰਥ ਸਾਹਿਬ ਦਾ ਦਰਜਾ ਦੇ ਦਿੱਤਾ ਸੀ। ਆਪ ਜੀ ਦੀ ਰਾਗਾਂ ਵਿੱਚ ਲਿਖੀ ਗਈ ਬਾਣੀ ਦੇ ਕੁੱਲ 59 ਪਦੇ ਹਨ ਅਤੇ ਸਲੋਕ ਮਹਲਾ ੯ ਅਧੀਨ 57 ਬੈਰਾਗਮਈ ਸਲੋਕ ਹਨ, ਜਿਹਨਾਂ ਨੂੰ ਹਰ ਸਹਿਜ ਪਾਠ ਜਾਂ ਅਖੰਡ ਪਾਠ ਦੀ ਸਮਾਪਤੀ ਤੇ ਪੜ੍ਹਿਆ ਜਾਂਦਾ ਹੈ।ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ :- ਔਰੰਗਜੇਬ ਇਕ ਕੱਟੜ ਮੁਸਲਮਾਨ ਸ਼ਾਸ਼ਕ ਸੀ ਜਿਸ ਨੇ ਦਿੱਲੀ ਦੇ ਤਖਤ ਤੇ ਬੈਠਦਿਆਂ ਹੀ ਗੈਰ-ਮੁਸਲਮਾਨਾਂ ਤੇ ਸਖਤੀ ਅਤੇ ਤਸ਼ੱਦਦ ਸ਼ੁਰੂ ਕਰ ਦਿੱਤਾ ਸੀ। ਉਹ ਆਪਣੀ ਵਲੋਂ ਇਸਲਾਮ ਦਾ ਪ੍ਰਚਾਰ ਹੀ ਕਰ ਰਿਹਾ ਸੀ ਅਤੇ ਕਾਫਰਾਂ ਨੂੰ ਮੋਮਨ ਬਣਾ ਰਿਹਾ ਸੀ। ਜੋ ਇਸਲਾਮ ਧਾਰਨ ਨਹੀਂ ਸੀ ਕਰਦੇ, ਔਰੰਗਜੇਬ ਅਨੁਸਾਰ ਉਹਨਾਂ ਨੂੰ ਜਿਉਣ ਦਾ ਕੋਈ ਹੱਕ ਨਹੀਂ ਸੀ। ਇਸਲਈ ਉਹ ਉਹਨਾਂ ਨੂੰ ਕਤਲ ਕਰਵਾ ਦਿੰਦਾ ਸੀ। ਕਿਹਾ ਜਾਂਦਾ ਏ ਕਿ ਉਹ ਇਕ ਦਿਨ ਵਿਚ ਸਵਾ ਮਣ ਜੰਞੂ ਉਤਾਰਦਾ ਸੀ, ਜਿਹਨਾਂ ਨੂੰ ਜਾਂ ਤਾਂ ਇਸਲਾਮ ਵਿਚ ਸ਼ਾਮਲ ਕਰ ਲਿਆ ਜਾਂਦਾ ਸੀ ਤੇ ਜਾਂ ਮੌਤ ਦੇ ਘਾਟ ਉਤਾਰ ਦਿੱਤਾ ਜਾਂਦਾ ਸੀ।ਕਸ਼ਮੀਰ ਦੇ ਹਿੰਦੂ ਇਸ ਜ਼ੁਲਮ ਤੋਂ ਬਹੁਤ ਜਿਆਦਾ ਦੁਖੀ ਸਨ। ਉਹਨਾਂ ਕਸ਼ਮੀਰ ਦੇ ਸਿੱਖ ਪ੍ਰਚਾਰਕ ਭਾਈ ਕਿਰਪਾ ਰਾਮ ਨੂੰ ਨਾਲ ਲਿਆ ਅਤੇ ਅਨੰਦਪੁਰ ਸਾਹਿਬ ਵਿਚ ਗੁਰੂ ਨਾਨਕ ਦੀ ਗੱਦੀ ਤੇ ਬਿਰਾਜਮਾਨ ਗੁਰੂ ਤੇਗ ਬਹਾਦਰ ਜੀ ਕੋਲ ਆ ਫਰਿਆਦ ਕੀਤੀ। ਕਿਉਂਕਿ ਉਹਨਾਂ ਨੂੰ ਭਰੋਸਾ ਸੀ ਕਿ ਗੁਰੂ ਨਾਨਕ ਦਾ ਘਰ ਦਰ ਆਇਆਂ ਦੀ ਲਾਜ ਰੱਖਦਾ ਹੈ। ਗੁਰੂ ਤੇਗ ਬਹਾਦਰ ਜੀ ਨੇ ਉਹਨਾਂ ਦੇ ਦੁੱਖੜੇ ਸੁਣੇ। ਆਪ ਜੀ ਦਾ ਕੋਮਲ ਹਿਰਦਾ ਵਲੂੰਧਰਿਆ ਗਿਆ। ਉਹਨਾਂ ਗੰਭੀਰ ਚਿੰਤਨ ਤੋਂ ਬਾਅਦ ਉਹਨਾਂ ਨੂੰ ਕਿਹਾ ਕਿ ਉਹ ਆਪਣੇ ਰਾਜੇ ਨੂੰ ਸੁਨੇਹਾ ਦੇਣ ਕਿ ਜੇ ਤੇਗ ਬਹਾਦਰ ਮੁਸਲਮਾਨ ਬਣ ਜਾਵੇ, ਅਸੀਂ ਸਾਰੇ ਮੁਸਲਮਾਨ ਬਣ ਜਾਵਾਂਗੇ। ਸੁਨੇਹਾ ਮਿਲਣ ਤੇ ਰਾਜਾ ਬਹੁਤ ਖੁਸ਼ ਹੋਇਆ। ਉਸਨੂੰ ਲੱਗਾ ਕਿ ਇੱਕ ਵਿਅਕਤੀ ਨੂੰ ਮੁਸਲਮਾਨ ਬਣਾਉਣਾ ਸੌਖਾ ਹੈ।



ਗੁਰੂ ਤੇਗ ਬਹਾਦਰ ਜੀ ਨੂੰ ਕੈਦ ਕਰ ਲਿਆ ਗਿਆ। ਉਹਨਾਂ ਅੱਗੇ ਤਿੰਨ ਸ਼ਰਤਾਂ ਰੱਖੀਆਂ ਗਈਆਂ। 1.ਇਸਲਾਮ ਕਬੂਲ ਕਰ ਲਵੋ 1.ਆਪਣੇ ਪੀਰ ਹੋਣ ਦੇ ਸਬੂਤ ਵਜੋਂ ਕੋਈ ਕਰਾਮਾਤ ਦਿਖਾਈ ਜਾਵੇ। 3.ਮਰਨ ਲਈ ਤਿਆਰ ਰਹਿਣ। ਗੁਰੂ ਤੇਗ ਬਹਾਦਰ ਜੀ ਨੇ ਪਹਿਲੀ ਸ਼ਰਤ ਕੱਟ ਦਿੱਤੀ ਕਿਉਂਕਿ ਉਹਨਾਂ ਅਨੁਸਾਰ ਧਰਮ ਇਕ ਨਿਜੀ ਵਿਸ਼ਾ ਹੈ, ਇਹ ਠੋਸਿਆ ਨਹੀਂ ਜਾ ਸਕਦਾ। ਦੂਸਰੀ ਸ਼ਰਤ ਕਰਾਮਾਤ ਨੂੰ ਪ੍ਰਭੂ ਦੇ ਹੁਕਮ ਦੇ ਉਲਟ ਜਾਣਾ ਦੱਸਿਆ ਅਤੇ ਤੀਸਰੀ ਸ਼ਰਤ ਪ੍ਰਵਾਨ ਕਰਦਿਆਂ ਕਿਹਾ ਕਿ ਮਰਨ ਲਈ ਇਕ ਸਿੱਖ ਹਮੇਸ਼ਾ ਹੀ ਤਿਆਰ ਰਹਿੰਦਾ ਹੈ। ਗੁਰੂ ਜੀ ਨੂੰ ਡਰਾਉਣ ਦੇ ਉਦੇਸ਼ ਨਾਲ ਉਹਨਾਂ ਦੀਆਂ ਅੱਖਾਂ ਸਾਹਮਣੇ ਉਹਨਾਂ ਦੇ ਤਿੰਨ ਸਿੱਖਾਂ ਨੂੰ ਤਸੀਹੇ ਦੇ ਕੇ ਸ਼ਹੀਦ ਕੀਤਾ ਗਿਆ। ਭਾਈ ਮਤੀ ਦਾਸ ਜੀ ਦੇ ਸਰੀਰ ਨੂੰ ਆਰੇ ਨਾਲ ਚੀਰ ਦਿੱਤਾ ਗਿਆ। ਭਾਈ ਸਤੀ ਦਾਸ ਜੀ ਨੂੰ ਰੂੰ ਵਿਚ ਲਪੇਟ ਕੇ ਅੱਗ ਲਗਾ ਦਿੱਤੀ ਗਈ ਅਤੇ ਭਾਈ ਦਿਆਲਾ ਜੀਂ ਨੂੰ ਉਬਲਦੇ ਪਾਣੀ ਦੇ ਦੇਗੇ ਵਿਚ ਬੈਠਾ ਕੇ ਉਬਾਲ ਦਿੱਤਾ ਗਿਆ। ਗੁਰੂ ਸਾਹਿਬ ਨੇ ਤਾਂ ਕੀ ਡੋਲ੍ਹਣਾ ਸੀ, ਇਹ ਤਿੰਨੇ ਸੂਰਬੀਰ ਵੀ ਆਪਣੇ ਸਿਦਕ ਵਿੱਚ ਪੱਕੇ ਰਹੇ ਅਤੇ ਗੁਰੂ ਸ਼ਬਦ ਦਾ ਜਾਪ ਕਰਦਿਆਂ ਸ਼ਹੀਦ ਹੋ ਗਏ। ਕਾਜੀ ਸ਼ੇਖਲ ਨੇ ਗੁਰੂ ਤੇਗ ਬਹਾਦਰ ਜੀ ਦਾ ਸਿਰ ਕਲਮ ਕੀਤੇ ਜਾਣ ਦਾ ਫਤਵਾ ਸੁਣਾਇਆ ਅਤੇ ਜੱਲਾਦ ਜਲਾਲੁਦੀਨ ਨੇ ਗੁਰੂ ਜੀ ਦਾ ਸਿਰ ਕਲਮ ਕਰ ਦਿੱਤਾ। ਵਿਸ਼ਵ ਦੇ ਇਤਿਹਾਸ ਵਿੱਚ ਇੱਕ ਨਵਾਂ ਅਧਿਆਇ ਜੁੜ ਗਿਆ ਕਿਉਂਕਿ ਐਸੀ ਸ਼ਹੀਦੀ ਅੱਜ ਤੱਕ ਨਹੀਂ ਸੀ ਹੋਈ। ਜਾਲਮ ਦਾ ਇਰਾਦਾ ਸੀ ਕਿ ਗੁਰੂ ਜੀ ਦੇ ਮ੍ਰਿਤਕ ਸਰੀਰ ਦੇ ਟੁਕੜੇ ਟੁਕੜੇ ਕਰ ਕੇ ਵੱਖ ਵੱਖ ਚੌਰਾਹਿਆਂ ਵਿੱਚ ਦਰੱਖਤਾਂ ਤੇ ਲਟਕਾਏ ਜਾਣ ਤਾਂ ਕਿ ਸਿੱਖਾਂ ਵਿੱਚ ਦਹਿਸ਼ਤ ਪੈਦਾ ਹੋ ਸਕੇ। ਪਰ ਉਸੇ ਸਮੇਂ ਤੇਜ ਹਨੇਰੀ ਅਤੇ ਝੱਖੜ ਆਇਆ, ਜਿਸ ਦਾ ਲਾਭ ਉਠਾ ਕੇ ਭਾਈ ਜੈਤਾ ਜੀ ਨੇ ਗੁਰੂ ਜੀ ਦਾ ਸੀਸ ਉਠਾ ਲਿਆ। ਜਿਸ ਨੂੰ ਉਹ ਅਨੰਦਪੁਰ ਸਾਹਿਬ ਗੁਰੂ ਗੋਬਿੰਦ ਸਿੰਘ ਜੀ ਕੋਲ ਲੈ ਗਏ। ਗੁਰੂ ਗੋਬਿੰਦ ਸਿੰਘ ਜੀ ਨੇ ਸਤਿਕਾਰ ਨਾਲ ਅਨੰਦਪੁਰ ਸਾਹਿਬ ਵਿਖੇ ਹੀ ਸੀਸ ਦਾ ਸੰਸਕਾਰ ਕੀਤਾ। ਗੁਰੂ ਜੀ ਦੇ ਧੜ ਨੂੰ ਭਾਈ ਲੱਖੀ ਸ਼ਾਹ ਵਣਜਾਰਾ ਆਪਣੇ ਰੂੰ ਦੇ ਗੱਡੇ ਵਿੱਚ ਰੱਖ ਕੇ ਆਪਣੇ ਘਰ ਲੈ ਆਇਆ ਅਤੇ ਉਸਨੇ ਆਪਣੇ ਘਰ ਨੂੰ ਹੀ ਅੱਗ ਲਗਾ ਕੇ ਗੁਰੂ ਜੀ ਦੇ ਧੜ ਦਾ ਸੰਸਕਾਰ ਕੀਤਾ। ਦਿੱਲੀ ਵਿਖੇ ਜਿੱਥੇ ਸੀਸ ਕੱਟਿਆ ਗਿਆ ਸੀ, ਉਥੇ ਗੁਰਦੁਆਰਾ ਸੀਸ ਗੰਜ ਅਤੇ ਧੜ ਦੇ ਸੰਸਕਾਰ ਵਾਲੀ ਜਗ੍ਹਾ ਗੁਰਦੁਆਰਾ ਰਕਾਬ ਗੰਜ ਸੁਸ਼ੋਭਿਤ ਹੈ।

ਗੁਰੂ ਜੀ ਦੀ ਸ਼ਹਾਦਤ ਸੰਬੰਧੀ ਕੁਝ ਵਿਚਾਰਾਂ :---

1. ਹਿੰਦ ਦੀ ਚਾਦਰ ਕਿ ਸ੍ਰਿਸ਼ਟਿ ਕੀ ਚਾਦਰ ??ਗੁਰੂ ਤੇਗ ਬਹਾਦਰ ਜੀ ਨੂੰ ਕਦੋਂ ਅਤੇ ਕਿਸ ਨੇ ਹਿੰਦ ਕੀ ਚਾਦਰ ਕਹਿਣਾ ਸ਼ੁਰੂ ਕਰ ਦਿੱਤਾ ਇਸ ਦਾ ਕੋਈ ਸਰੋਤ ਸਾਨੂੰ ਨਹੀਂ ਮਿਲਿਆ। ਪਰ ਜਾਪਦਾ ਇਹੀ ਹੈ ਕਿ ਸਾਡੀ ਅਗਿਆਨਤਾ ਨੇ ਅਤੇ ਵਿਰੋਧੀਆਂ ਦੀ ਸਾਜਿਸ਼ ਨੇ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਨੂੰ ਤੰਗ ਨਜ਼ਰੀਏ ਤੋਂ ਪੇਸ਼ ਕੀਤਾ ਹੈ ਅਤੇ ਅਸੀਂ ਜਾਣੇ ਅਣਜਾਣੇ ਹੁਣ ਹਿੰਦ ਕੀ ਚਾਦਰ ਕਹਿਣ ਲੱਗ ਪਏ ਹਾਂ।

ਕਵੀ ਸੈਨਾਪਤਿ ਦੀ ਪੁਸਤਕ ਸ੍ਰੀ ਗੁਰੂ ਸੋਭਾ, ਜਿਸ ਨੂੰ ਵਿਦਵਾਨਾਂ ਨੇ ਕਾਫੀ ਹੱਦ ਤੱਕ ਪ੍ਰਮਾਣਿਤ ਆਖਿਆ ਹੈ, ਉਸ ਵਿੱਚ ਇਹ ਸ਼ਬਦ ਦਰਜ ਹਨ--

**ਪ੍ਰਗਟ ਭਏ ਗੁਰੂ ਤੇਗ ਬਹਾਦਰ ॥ ਸਗਲ ਸ੍ਰਿਸ਼ਟਿ ਪੈ ਢਾਕੀ ਚਾਦਰ ॥....( ਸ੍ਰੀ ਗੁਰੂ ਸੋਭਾ, ਕਵੀ ਸੈਨਾਪਤਿ )**

ਇਸ ਨੂੰ ਕਿਸ ਨੇ ਬਦਲ ਕੇ ਹਿੰਦ ਕੀ ਚਾਦਰ ਕਰ ਦਿੱਤਾ ਅਤੇ ਕਿਉ ਜੇ ਇਥੇ ਹਿੰਦ ਦਾ ਭਾਵ ਹਿੰਦੁਸਤਾਨ ਹੈ ਤਦ ਵੀ ਇਹ ਠੀਕ ਨਹੀਂ, ਕਿਉਂਕਿ ਗੁਰੂ ਜੀ ਨੂੰ ਇਕ ਦੇਸ਼ ਤੱਕ ਸੀਮਿਤ ਕਰਨਾ ਗਲਤ ਹੈ। ਜੇ ਇਸ ਦਾ ਭਾਵ ਹਿੰਦੂ ਧਰਮ ਤੋਂ ਹੈ, ਤਦ ਵੀ ਇਹ ਠੀਕ ਨਹੀਂ ਕਿ ਗੁਰੂ ਜੀ ਨੂੰ ਸਮੂਹ ਮਾਨਵਤਾ ਨਾਲੋਂ ਤੋੜ ਕੇ ਕਿਸੇ ਇੱਕ ਮਜ਼ਹਬ ਨਾਲ ਬੰਨ੍ਹਿਆ ਜਾਵੇ ।

2.ਤਿਲਕ ਜੰਞੂ ਰਾਖਾ ਪ੍ਰਭ ਤਾਕਾ ? ਉਪਰੋਕਤ ਪੰਕਤੀਆਂ ਬਚਿੱਤਰ ਨਾਟਕ ਵਿਚੋਂ ਹਨ , ਜੋ ਦਸਮ ਗ੍ਰੰਥ ਦਾ ਇਕ ਭਾਗ ਹੈ। ਦਸਮ ਗ੍ਰੰਥ ਦੇ ਕਰਤਾ ਬਾਰੇ ਅੱਜ ਤੱਕ ਪੰਥ ਅਤੇ ਵਿਦਵਾਨਾਂ ਵਿੱਚ ਵਿਵਾਦ ਚੱਲ ਰਿਹਾ ਹੈ । ਵਿਦਵਾਨਾਂ ਦਾ ਇਕ ਹਿੱਸਾ ਇਸ ਨੂੰ ਸਾਰੇ ਦੇ ਸਾਰੇ ਨੂੰ ਗੁਰੂ ਗੋਬਿੰਦ ਸਿੰਘ ਜੀ ਦੀ ਲਿਖਤ ਮੰਨਦਾ ਹੈ।ਦੂਸਰਾ ਹਿੱਸਾ ਇਸ ਦਾ ਪੂਰਨ ਵਿਰੋਧੀ ਹੈ ਅਤੇ ਇਸ ਵਿਚ ਅਸ਼ਲੀਲਤਾ ਅਤੇ ਬਿਪਰਵਾਦ ਦੀ ਹੋਂਦ ਕਾਰਨ ਇਸ ਨੂੰ ਗੁਰੂ ਗੋਬਿੰਦ ਸਿੰਘ ਜੀ ਦੀ ਕ੍ਰਿਤ ਨਹੀਂ ਮੰਨਦਾ। ਤੀਸਰਾ ਹਿੱਸਾ ਅਜਿਹਾ ਵੀ ਹੈ ਜੋ ਇਸ ਗ੍ਰੰਥ ਦੀਆਂ ਕੁਝ ਬਾਣੀਆਂ ਜਿਵੇਂ ਜਾਪ, ਸਵਈਏ, ਜ਼ਫਰਨਾਮਾ ਆਦਿ ਨੂੰ ਗੁਰੂ ਗੋਬਿੰਦ ਸਿੰਘ ਜੀ ਦੀਆਂ ਲਿਖੀਆਂ ਮੰਨਦਾ ਹੈ ਅਤੇ ਕੁਝ ਗੁਰਮਤਿ ਵਿਰੋਧੀ ਰਚਨਾਵਾਂ ਨੂੰ ਗੁਰੂ-ਕ੍ਰਿਤ ਨਹੀਂ ਮੰਨਦਾ। ਅਸੀਂ ਇਸ ਸਮੇਂ ਇਸ ਵਿਸ਼ੇ ਤੇ ਕੋਈ ਚਰਚਾ ਨਹੀਂ ਕਰਨਾ ਚਾਹੁੰਦੇ, ਪਰ ਇਹ ਪ੍ਰਸ਼ਨ ਜਰੂਰ ਕਰਨਾ ਚਾਹੁੰਦੇ ਹਾਂ ਕਿ ਗੁਰੂ ਤੇਗ ਬਹਾਦਰ ਜੀ ਨੂੰ ਸਿਰਫ ਤਿਲਕ ਜੰਞੂ ਦੀ ਰਾਖੀ ਨਾਲ ਹੀ ਕਿਉ ਬੰਨ੍ਹਿਆ ਜਾਵੇ ?ਠੀਕ ਹੈ ਕਿ ਉਸ ਸਮੇਂ ਤਿਲਕ ਜਨੇਊ ਖਤਰੇ ਵਿੱਚ ਸਨ, ਪਰ ਧਾਰਮਿਕ ਆਜ਼ਾਦੀ ਦੀ ਰਾਖੀ ਸ਼ਬਦ ਕਿਉਂ ਨਹੀਂ ਪ੍ਰਚਾਰਿਆ ਜਾਂਦਾ ? ਸਾਰੇ ਇਸ ਗੱਲ ਨਾਲ ਸਹਿਮਤ ਹੋਣਗੇ ਕਿ ਜੇ ਇਸਲਾਮ ਧਰਮ ਤੇ ਜ਼ੁਲਮ ਹੋ ਰਿਹਾ ਹੁੰਦਾ, ਤਾਂ ਗੁਰੂ ਜੀ ਉਸ ਲਈ ਵੀ ਆਪਣੀ ਸ਼ਹਾਦਤ ਉਸੇ ਭਾਵਨਾ ਨਾਲ ਦਿੰਦੇ। ਫੇਰ ਅਸੀਂ ਆਪਣੇ ਪ੍ਰਚਾਰ ਸਮੇਂ ਉਸ ਬ੍ਰਹਿਮੰਡੀ ਅਤੇ ਮਨੁੱਖਤਾ ਵਾਦੀ ਭਾਵਨਾ ਨੂੰ ਤੰਗ ਨਜ਼ਰੀਏ ਤੋਂ ਕਿਉ ਪੇਸ਼ ਕਰ ਰਹੇ ਹਾਂ । ਪੂਰੀਆਂ ਪੰਕਤੀਆਂ ਇਸ ਤਰਾਂ ਹਨ-

**ਤਿਲਕ ਜੰਞੂ ਰਾਖਾ ਪ੍ਰਭ ਤਾਕਾ॥
ਕੀਨੋ ਬਡੋ ਕਲੂ ਮਹਿ ਸਾਕਾ ॥
ਧਰਮ ਹੇਤ ਸਾਕਾ ਜਿਨਿ ਕੀਆ॥
ਸੀਸ ਦੀਆ ਪਰ ਸਿਰਰੁ ਨ ਦੀਆ॥**

ਇੱਥੇ ਇੱਕ ਗੱਲ ਹੋਰ ਵਿਚਾਰਨ ਵਾਲੀ ਹੈ ॥ ਆਮ ਤੌਰ ਤੇ ਸਿਰਰੁ ਦਾ ਅਰਥ ਸਿਰੜ ਕਰ ਲਿਆ ਜਾਂਦਾ ਹੈ। ਜੋ ਇਕ ਛੋਟਾ ਅਰਥ ਹੈ। ਸਿਰਰੁ ਨੂੰ ਕਲਬ ,ਰੂਹ ,ਧਫੀ ਵੀ ਕਿਹਾ ਜਾਂਦਾ ਹੈ ਜੋ ਸੂਫ਼ੀਆਂ ਦੀ ਉਹ ਅਧਿਆਤਮਕ ਅਵਸਥਾ ਹੈ ਜਿੱਥੇ ਪਾਰਗਾਮੀ ਰੂਪ ਵਿਚ ਸਭ ਨਿਹੋਂਦ ਹੈ ਜਦਕਿ ਸਿਰੜ ਇਕ ਤਰ੍ਹਾਂ ਦੀ ਭੌਤਿਕ ਅਵਸਥਾ ਹੈ।

3.ਗੋਬਿੰਦ ਰਾਏ ਵਲੋਂ ਪਿਤਾ ਦੀ ਕੁਰਬਾਨੀ :-- ਸਾਡੇ ਪ੍ਰਚਾਰਕ ਬਹੁਤ ਜਿਆਦਾ ਜੋਰ ਦੇ ਕੇ ਕਹਿੰਦੇ ਹਨ ਕਿ ਪੰਡਤਾਂ ਦੀ ਫਰਿਆਦ ਸੁਣ ਕੇ ਗੁਰੂ ਤੇਗ ਬਹਾਦਰ ਜੀ ਗੰਭੀਰ ਹੋ ਕੇ ਸੋਚਣ ਲੱਗ ਪਏ। ਬਾਲ ਗੋਬਿੰਦ ਰਾਏ ਦੇ ਪੁੱਛਣ ਤੇ ਗੁਰੂ ਜੀ ਸਮੱਸਿਆ ਦੇ ਹੱਲ ਲਈ ਕਿਸੇ ਮਹਾਂਪੁਰਖ ਦੀ ਕੁਰਬਾਨੀ ਦੀ ਲੋੜ ਬਾਰੇ ਦੱਸਦੇ ਹਨ ਤੇ ਬਾਲ ਗੋਬਿੰਦ ਇੱਕ ਦਮ ਆਖਦੇ ਹਨ-ਪਿਤਾ ਜੀ ਆਪ ਜੀ ਤੋਂ ਵੱਡਾ ਮਹਾਂਪੁਰਖ ਕੌਣ ਹੋ ਸਕਦਾ ਹੈ ਅਤੇ ਤਦ ਗੁਰੂ ਤੇਗ ਬਹਾਦਰ ਜੀ ਨੇ ਪੰਡਤਾਂ ਨੂੰ ਕਿਹਾ ਕਿ ਉਹ ਔਰੰਗਜੇਬ ਨੂੰ ਆਖਣ ਕਿ ਉਹ ਤੇਗ ਬਹਾਦਰ ਨੂੰ ਮੁਸਲਮਾਨ ਬਣਾਵੇ। ਬਹੁਤ ਹੀ ਸਤਿਕਾਰ ਨਾਲ ਅਤੇ ਖਿਮਾ ਜਾਚਨਾ ਕਰਦਾ ਹੋਇਆ ਕਹਿਣਾ ਚਾਹਾਂਗਾ ਕਿ ਇਸ ਵਾਰਤਾਲਾਪ ਨੂੰ ਇਸ ਤਰਾਂ ਪ੍ਰਚਾਰਿਆ ਜਾਣਾ ਠੀਕ ਨਹੀਂ ਲੱਗਦਾ। ਬਾਲ ਗੋਬਿੰਦ ਰਾਏ ,ਜੋ ਉਸ ਸਮੇਂ ਅਜੇ ਗੁਰੂ ਨਹੀਂ ਸੀ ਬਣੇ, ਉਹਨਾਂ ਦੀ ਗੱਲਬਾਤ ਨੂੰ ਵਡਿਆਉਂਦੇ ਹੋਏ ,ਅਸੀਂ ਅਨਜਾਣਪੁਣੇ ਵਿੱਚ ਹੀ ਗੁਰੂ ਤੇਗ ਬਹਾਦਰ ਜੀ ਦਾ ਕੱਦ ਛੋਟਾ ਕਰ ਦਿੰਦੇ ਹਾਂ। ਕੀ, ਜੇ ਬਾਲ ਗੋਬਿੰਦ ਨਾ ਆਖਦੇ, ਤਾਂ ਗੁਰੂ ਜੀ ਆਪਣੀ ਸ਼ਹੀਦੀ ਨਾ ਦਿੰਦੇ ??? ਜਾਂ ਕੀ ਗੁਰੂ ਜੀ ਨੂੰ ਜ਼ੁਲਮ ਦੇ ਸਤਾਏ ਪੰਡਤਾਂ ਦੇ ਦੁੱਖ ਨਾਲੋਂ ਪੁੱਤਰ ਦੀ ਦੀ ਪ੍ਰੇਰਨਾ ਜਿਆਦਾ ਮੁੱਲਵਾਨ ਲੱਗਦੀ ਸੀ ???ਸੰਗਤ ਵਿਚਾਰ ਜਰੂਰ ਕਰੇ।

ਗੁਰਮਤਿ ਦਾ ਤਾਂ ਸਿਧਾਂਤ ਹੀ ਇਹੀ ਹੈ ਜਿਸ ਨੂੰ ਗੁਰਬਾਣੀ ਵਿੱਚ ਵੀ ਬਿਆਨ ਕੀਤਾ ਗਿਆ ਹੈ ਅਤੇ ਪਹਿਲੇ ਗੁਰੂ ਸਾਹਿਬਾਨ ਅਤੇ ਭਗਤਾਂ ਦੁਆਰਾ ਜੀਅ ਕੇ ਵੀ ਦਿਖਾਇਆ ਗਿਆ ਹੈ।

**ਜਉ ਤਉ ਪ੍ਰੇਮ ਖੇਲਣ ਕਾ ਚਾਉ ॥
ਸਿਰੁ ਧਰਿ ਤਲੀ ਗਲੀ ਮੇਰੀ ਆਉ ॥.......(ਪੰਨਾ ੧੪੧੨, ਸਲੋਕ ਵਾਰਾਂ ਤੇ ਵਧੀਕ ਮਹਲਾ ੧)**

**ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ ॥
ਹੋਹੁ ਸਭਨਾ ਕੀ ਰੇਣੁਕਾ ਤਉ ਆਉ ਹਮਾਰੈ ਪਾਸਿ ॥............(ਪੰਨਾ ੧੧੦੨, ਸਲੋਕ ਮ : ੫)**

ਸ਼ਹਾਦਤ ਲਾਸਾਨੀ ਅਤੇ ਵਿਲੱਖਣ ਕਿਉ :- ਗੁਰੂ ਤੇਗ ਬਹਾਦਰ ਜੀ ਨੂੰ ਲਾਸਾਨੀ ਸ਼ਹੀਦ ਅਤੇ ਉਹਨਾਂ ਦੀ ਸ਼ਹਾਦਤ ਨੂੰ ਵਿਲੱਖਣ ਸ਼ਹਾਦਤ ਕਿਹਾ ਜਾਂਦਾ ਹੈ। ਇਸ ਦਾ ਵੱਡਾ ਕਾਰਨ ਇਹ ਹੈ ਕਿ

1. ਇਹ ਸ਼ਹਾਦਤ ਮਨੁੱਖਤਾ ਦੀ ਪੂਰਨ ਆਜ਼ਾਦੀ ਲਈ ਸੀ। ਜਿਸ ਜਨੇਊ ਨੂੰ ਗੁਰੂ ਨਾਨਕ ਜੀ ਨੇ ਪਹਿਨਣ ਤੋਂ ਇਨਕਾਰ ਕਰ ਦਿੱਤਾ ਸੀ, ਗੁਰਬਾਣੀ ਵਿੱਚ ਵੀ ਬਾਹਰੀ ਜਨੇਊ ਦਾ ਖੰਡਨ ਕੀਤਾ ਗਿਆ ਹੈ, ਓਹੀ ਜਨੇਊ ਨੂੰ ਕੋਈ ਧੱਕੇ ਨਾਲ ਉਤਾਰੇ, ਇਹ ਵੀ ਬਰਦਾਸ਼ਤ ਤੋਂ ਬਾਹਰ ਹੈ। ਜਿਸ ਤਰਾਂ ਧੱਕੇ ਨਾਲ ਜਨੇਊ ਪਾਇਆ ਜਾਣਾ ਗਲਤ ਹੈ, ਉਸੇ ਤਰਾਂ ਉਤਾਰਿਆ ਜਾਣਾ ਵੀ ਗਲਤ ਹੈ। ਇਹ ਸੰਸਾਰ ਵਿੱਚ ਇੱਕੋ ਇੱਕ ਅਜਿਹੀ ਸ਼ਹਾਦਤ ਹੈ, ਜਿਹੜੀ ਉਸ ਵਿਸ਼ਵਾਸ਼ ਖਾਤਰ ਦਿੱਤੀ ਗਈ ਜਿਸ ਨੂੰ ਸ਼ਹਾਦਤ ਦੇਣ ਵਾਲਾ ਆਪ ਨਹੀਂ ਮੰਨਦਾ ਸੀ। (ਸਾਡੇ ਕਈ ਕਾਹਲੇ ਅਤੇ ਮਾਡਰਨ ਪ੍ਰਚਾਰਕ ਪੰਜ ਕਕਾਰਾਂ ਨੂੰ ਜਨੇਊ ਨਾਲ ਤੁਲਨਾ ਦੇ ਕੇ ਇਹ ਆਖਦੇ ਹਨ ਕਿ ਗੁਰੂ ਨਾਨਕ ਨੇ ਜਨੇਊ ਦਾ ਖੰਡਨ ਕੀਤਾ ਸੀ ਅਤੇ ਅਸੀ ਅੱਜ ਪੰਜ ਕਕਾਰਾਂ ਦਾ ਪ੍ਰਚਾਰ ਕਰ ਰਹੇ ਹਾਂ। ਸਤਿਕਾਰ ਸਹਿਤ ਬੇਨਤੀ ਹੈ ਕਿ ਪੰਜ ਕਕਾਰ ਕਦੇ ਵੀ ਧੱਕੇ ਨਾਲ ਨਹੀਂ ਪਹਿਨਾਏ ਜਾਂਦੇ। ਅੰਮ੍ਰਿਤ ਅਭਿਲਾਖੀ ਦੇ ਖੁਦ ਬੇਨਤੀ ਕਰਨ ਤੋਂ ਬਾਅਦ ਪਹਿਨਾਏ ਜਾਂਦੇ ਹਨ। ਇਹ ਪੂਰਨ ਧਾਰਮਿਕ ਆਜ਼ਾਦੀ ਹੈ । ਜਿਸ ਨੂੰ ਅਜੋਕੀ ਭਾਸ਼ਾ ਵਿੱਚ ਮਨੁੱਖੀ ਅਧਿਕਾਰ ਆਖਿਆ ਜਾਂਦਾ ਹੈ। ਇਸ ਲਈ ਜਨੇਊ ਅਤੇ ਕਕਾਰਾਂ ਦੀ ਤੁਲਨਾ ਜਾਇਜ਼ ਨਹੀਂ ਹੈ ।)

2.ਸਾਹਿਬੇ ਕਮਾਲ ਗੁਰੂ ਗੋਬਿੰਦ ਸਿੰਘ ਪੁਸਤਕ ਵਿੱਚ ਦੌਲਤ ਰਾਇ ਗੁਰੂ ਜੀ ਦੀ ਗ੍ਰਿਫਤਾਰੀ ਨੂੰ ਉਲਟੀ ਗੰਗਾ ਵਹਾਉਣਾ ਲਿਖਦਾ ਹੈ। ਆਮ ਕਰਕੇ ਕਾਤਲ, ਮਕਤੂਲ ਕੋਲ ਚੱਲ ਕੇ ਆਉਂਦਾ ਹੈ ਪਰ ਗੁਰੂ ਤੇਗ ਬਹਾਦਰ ਜੀ ਖੁਦ ਕਾਤਲ ਕੋਲ ਚੱਲ ਕੇ ਜਾਂਦੇ ਹਨ।

੩.ਇਹ ਵੀ ਇਤਿਹਾਸ ਵਿੱਚ ਪਹਿਲੀ ਵਾਰ ਹੈ ਕਿ ਕਿਸੇ ਸ਼ਹੀਦ ਦੀ ਮ੍ਰਿਤਕ ਦੇਹ ਦਾ ਸੰਸਕਾਰ ਵੀ ਹਿੱਸਿਆਂ ਵਿੱਚ ਹੋਇਆ ਹੋਵੇ। ਗੁਰੂ ਤੇਗ ਬਹਾਦਰ ਜੀ ਦੇ ਸੀਸ ਦਾ ਸੰਸਕਾਰ ਅਨੰਦਪੁਰ ਸਾਹਿਬ ਵਿਖੇ ਅਤੇ ਧੜ ਦਾ ਸੰਸਕਾਰ ਦਿੱਲੀ ਵਿਖੇ ਹੋਇਆ ਸੀ।

੪.ਸੀਸ ਉਠਾਉਣ ਵਾਲੇ ਭਾਈ ਜੀਵਨ ਸਿੰਘ ਉਰਫ ਜੈਤਾ ਜੀ ਚਮਕੌਰ ਦੀ ਜੰਗ ਵਿੱਚ ਸ਼ਹੀਦ ਹੋਏ ਸਨ ਜਦਕਿ ਪਤਾ ਲੱਗਣ ਤੇ ਭਾਈ ਲੱਖੀ ਸ਼ਾਹ ਵਣਜਾਰੇ ਨੂੰ ਟੱਬਰ ਸਮੇਤ ਜਾਲਮ ਵਲੋਂ ਖਤਮ ਕਰ ਦਿੱਤਾ ਗਿਆ ॥

ਧਾਰਮਿਕ ਅਜਾਦੀ ਅੱਜ ਮਨੁੱਖ ਦੇ ਮੁੱਢਲੇ ਅਧਿਕਾਰਾਂ ਵਿੱਚ ਆ ਚੁੱਕੀ ਹੈ। ਯੂ .ਐਨ .ਓ. ਵਲੋਂ ਮਨੁੱਖੀ ਅਧਿਕਾਰ ਦਿਵਸ ਵੀ ਮਨਾਇਆ ਜਾ ਰਿਹਾ ਹੈ। ਪਰ ਇਹ ਸਾਡੀ ਅਕ੍ਰਿਤਘਣਤਾ ਅਤੇ ਨਾਲਾਇਕੀ ਹੀ ਕਹਾਏਗੀ ਕਿ ਅਸੀਂ ਗੁਰੂ ਤੇਗ ਬਹਾਦਰ ਜੀ ਦੇ ਸ਼ਹੀਦੀ ਦਿਵਸ ਨੂੰ ÷ਮਨੁੱਖੀ ਅਧਿਕਾਰ ਦਿਵਸ÷ ਦੇ ਰੂਪ ਵਿਚ ਲਾਗੂ ਨਹੀਂ ਕਰਵਾ ਸਕੇ ???? ਵਾਹਿਗੁਰੂ ਜੀ ਸਾਡੀ ਕੌਮ ਨੂੰ ਸੁਮੱਤ ਬਖਸ਼ਣ ਅਤੇ ਅਸੀਂ ਗੁਰੂ ਜੀ ਤੋਂ ਨਿਮਰਤਾ, ਅਹਿੰਸਾ, ਪ੍ਰੇਮ, ਜ਼ੁਲਮ ਵਿਰੁੱਧ ਖੜ੍ਹਨ ਅਤੇ ਲੜ੍ਹਨ ਦੀ ਜਾਚ ਸਿੱਖ ਸਕੀਏ। ਅਤੇ ਗੁਰੂ ਜੀ ਦੀ ਬਾਣੀ ਵਿੱਚ ਬਿਆਨ ਕੀਤੇ ਅਨੁਸਾਰ --

**ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ ॥
ਕਹੁ ਨਾਨਕ ਸੁਨਿ ਰੇ ਮਨਾ ਗਿਆਨੀ ਤਾਹਿ ਬਖਾਨਿ ॥
(ਪੰਨਾ ੧੪੨੭, ਸਲੋਕ ਮਹਲਾ ੯)**

ਦੇ ਧਾਰਨੀ ਹੋ ਕੇ ਨਿਰਭਉ ਅਤੇ ਨਿਰਵੈਰ ਸਮਾਜ ਦੀ ਸਿਰਜਣਾ ਕਰ ਸਕੀਏ।

# ‘ਜ਼ੀਰੇ ਵਰਗੇ ਲੋਕ’ ਗੀਤ ਅੱਜ ਕੱਲ੍ਹ ਖ਼ੂਬ ਚਰਚਾ ਵਿੱਚ ਹੈ




ਬਹੁਤ ਸਾਰੇ ਸ਼ਾਇਰਾਂ ਨੇ ਆਪੋ ਆਪਣੇ ਸਮੇਂ ਸ਼ਹਿਰਾਂ/ ਪਿੰਡਾਂ ਵਿੱਚ ਬਣਦੀਆਂ ਤੇ ਮਸ਼ਹੂਰ ਹੋਈਆਂ ਵਸਤੂਆਂ,ਵਿਅਕਤੀਆਂ ਅਤੇ ਕੁਦਰਤੀ ਵਰਤਾਰਿਆਂ ਨੂੰ ਆਪਣੀਆਂ ਰਚਨਾਵਾਂ ਵਿੱਚ ਪਰੋਇਆ ਹੈ। ਪਰ ਸ਼੍ਰੋਮਣੀ ਸਾਹਿਤਕਾਰ ਅਤੇ ਸਟੇਟ ਨੈਸ਼ਨਲ ਐਵਾਰਡੀ ਅਧਿਆਪਕ ਅਮਰੀਕ ਸਿੰਘ ਤਲਵੰਡੀ ਜੀ ਨੇ ਜ਼ੀਰੇ ਇਲਾਕੇ ਦੇ ਲੋਕਾਂ ਨੂੰ ਆਪਣੇ ਇੱਕ ਗੀਤ ਰਾਹੀਂ ਬੜੇ ਹੀ ਸਲੀਕੇ ਨਾਲ ਪ੍ਰਭਾਸ਼ਿਤ ਕੀਤਾ ਹੈ। ਜਿਸ ਦਾ ਜ਼ਿਕਰ ਅਕਸਰ ਉਹ ਮਹਿਫ਼ਲਾਂ,ਇੰਟਰਵਿਊਆਂ ਅਤੇ ਗੱਲਾਂ - ਬਾਤਾਂ ਵਿੱਚ ਕਰਦੇ ਰਹਿੰਦੇ ਹਨ। ਬੀਤੇ ਦਿਨ ਇਸ ਨਿਆਰੀ ਪੇਸ਼ਕਸ਼ ਨੂੰ ਯੂਟਿਊਬ ਤੇ ਸੁਣਨ ਦਾ ਸੁਭਾਗ ਪ੍ਰਾਪਤ ਹੋਇਆ ਸੀ । ਇਸ ਗੀਤ ਦੀ ਆਮਦ ਤੋਂ ਰਿਕਾਰਡਿੰਗ ਬਾਰੇ ਅਮਰੀਕ ਸਿੰਘ ਤਲਵੰਡੀ ਜੀ ਨੇ ਫੋਨ ਤੇ ਦੱਸਿਆ ਕਿ ਜਦੋਂ ਮੈਂ ਪਹਿਲਾਂ ਸਿਖਿਆ ਵਿਭਾਗ ਵਿੱਚ ਬਤੌਰ ਪੰਜਾਬੀ ਅਧਿਆਪਕ ਰਾਏਕੋਟ (ਲੁਧਿਆਣਾ)ਵਿਖੇ ਪੜ੍ਹਾ ਰਿਹਾ ਸੀ ਤਾਂ ਜ਼ਿੰਦਗੀ ਵਿੱਚ ਪਹਿਲੀ ਵੇਰ ਵੇਖਿਆ ਕਿ ਸਰਕਾਰ ਨੇ ਲੁਧਿਆਣਾ ਜ਼ਿਲ੍ਹਾ ਐਸ . ਸੀ. ਵਾਸਤੇ ਰੀਜਰਬ ਕਰ ਦਿੱਤਾ ਸੀ ਜਿਸ ਕਰਕੇ ਮੈਨੂੰ ਫਿਰੋਜਪੁਰ ਦੇ ਜ਼ੀਰੇ ਸ਼ਹਿਰ ਵਿੱਚ ਜਾਣਾ ਪਿਆ ਸੀ ਮੈਂ ਸੋਚਿਆ ਸੀ ਸਾਲ- ਦੋ ਸਾਲ ਲਾ ਕੇ ਜਲਦੀ ਵਾਪਸ ਚਲਾ ਜਾਵਾਂਗਾ। ਪਰ ਜਦੋਂ ਏਥੇ ਆਇਆ ਤਾਂ ਇਲਾਕੇ ਦੇ ਲੋਕਾਂ ਨੇ ਮੈਨੂੰ ਪਲਕਾਂ ਉੱਤੇ ਬਿਠਾ ਲਿਆ। ਜਿਵੇਂ ਜਿਵੇਂ ਸਮਾਂ ਬੀਤਦਾ ਗਿਆ ਇਹਨਾਂ ਵੱਲੋ ਮਿਲਿਆ ਪਿਆਰ ਸਤਿਕਾਰ ਹੋਰ ਗੂੜ੍ਹਾ ਹੁੰਦਾ ਗਿਆ ਫਿਰ ਇਨ੍ਹਾਂ ਲੋਕਾਂ ਨੇ ਵਾਪਸ ਜਾਣ ਦਾ ਨਾਂ ਨਹੀਂ ਲੈਣ ਦਿੱਤਾ ਅਤੇ ਨਾ ਹੀ ਜਾਣ ਨੂੰ ਦਿਲ ਕੀਤਾ। ਜ਼ੀਰੇ ਸ਼ਹਿਰ ਵਿੱਚ ਸਾਹਿਤ ਸਭਾ ਦਾ ਗਠਨ ਕੀਤਾ ਅਤੇ ਸੋਲਾਂ ਸਾਲ ਮੁੱਖ ਸੇਵਾਦਾਰ ਦੀ ਜ਼ਿੰਮੇਵਾਰੀ ਮੈਨੂੰ ਸੌਂਪੀ ਰੱਖੀ। ਤੇਈ ਸਾਲ ਜ਼ੀਰੇ ਵਿੱਚ ਮੋਗੇ ਦੀਆਂ ਤੀਆਂ ਵਰਗੇ ਦਿਨ ਬਤੀਤ ਕੀਤੇ ਸਨ !ਮੇਰੀ ਆਦਤ ਹੈ ਕਿ ਜੇ ਕੋਈ ਮੈਨੂੰ ਚਾਹ ਦਾ ਕੱਪ ਵੀ ਪਿਆਰ ਨਾਲ ਪਿਲਾ ਦੇਵੇ ਤਾਂ ਮੈਨੂੰ ਫਿਕਰ ਪੈ ਜਾਂਦਾ ਹੈ ਕਿ ਇਹ ਅਹਿਸਾਨ ਕਿਵੇਂ ਉਤਾਰਾਂਗਾ। ਸੋ ਇਹ ਗੀਤ ਲਿਖ ਕੇ ਮੈਂ ਜ਼ੀਰੇ ਸ਼ਹਿਰ ਅਤੇ ਇਲਾਕੇ ਦੇ ਲੋਕਾਂ ਦਾ ਥੋੜਾ-ਬਹੁਤ ਕਰਜ਼ ਉਤਾਰਨ ਦੀ ਕੋਸ਼ਿਸ਼ ਕੀਤੀ ਸੀ। 23 ਸਾਲ ਬਾਅਦ ਮੁੱਲਾਂਪੁਰ ਆ ਕੇ ਓਹੀ ਯਾਦਾਂ ਮੁੜ -ਮੁੜ ਸਤਾਉਣ ਲੱਗੀਆਂ। ਫਿਰ ਮੈਂ ਸੋਚਿਆ ਉਨ੍ਹਾਂ ਲੋਕਾਂ ਦਾ ਕਰਜ਼ ਉਤਾਰਨ ਦਾ ਹੁਣ (ਸੋਸ਼ਲ ਮੀਡੀਆ ਦੇ ਜ਼ਮਾਨੇ ਵਿੱਚ) ਮੌਕਾ ਹੈ। ਇਸ ਲੰਬੇ ਗੀਤ ਨੂੰ ਰਿਕਾਰਡ ਕਰਨ ਬਾਰੇ ਸੋਚਿਆ ਤਾਂ ਲੰਬੀ ਚੌੜੀ ਸੋਚ ਤੋਂ ਬਾਅਦ ਗਾਇਕਾਂ ਵਿੱਚੋਂ ਪਹਿਲਾ ਨੰਬਰ ਪੰਮਾਂ ਸਾਹਿਰ ਦਾ ਆਇਆ ਸੀ ,ਕਿਉਂਕਿ ਜ਼ੀਰੇ ਇਲਾਕੇ ਦੇ ਸਰਪੰਚ ਮੰਗਲ ਸਿੰਘ ਬੋਤੀਆਂ ਵਾਲਾ (ਅਮਰੀਕਾ ਵਾਸੀ) ਨੂੰ ਕੁੱਝ ਸਮਾਂ ਪਹਿਲਾਂ ਮੈ ਪੰਮਾ ਸਾਹਿਰ ਨੂੰ ਮਿਲਾਇਆ ਸੀ ਉਸ ਦੀ ਗਾਇਕੀ ਤੋਂ ਖੁਸ਼ ਹੋ ਕੇ ਸਰਪੰਚ ਨੇ ਜਿੱਥੇ ਆਪਣੇ ਇਲਾਕੇ ਵਿੱਚ ਬਹੁਤ ਸਾਰੇ ਪ੍ਰੋਗਰਾਮ ਕਰਵਾਏ ਸਨ ਉੱਥੇ ਬਹੁਤ ਸਾਰੇ ਗੀਤਾਂ ਨੂੰ ਰਿਕਾਰਡ ਕਰਵਾਉਣ ਵਿੱਚ ਵੀ ਪੰਮੇ ਦੀ ਮੱਦਦ ਕੀਤੀ ਸੀ !ਪੰਮੇ ਨਾਲ ਗੱਲ ਕੀਤੀ ਤਾਂ ਉਹ ਝੱਟ ਤਿਆਰ ਹੋ ਗਿਆ ਅਤੇ ਰਿਕਾਰਡਿੰਗ ਦਾ ਜ਼ੁੰਮਾ ਵੀ ਲੈ ਲਿਆ। ਸ਼ੂਟਿੰਗ ਲਈ ਸ੍ਰੀ ਸੁਖਮਨੀ ਸਾਹਿਬ ਸੇਵਾ ਸੁਸਾਇਟੀ ਜੀਰਾ ਵੱਲੋਂ ਸਹਿਯੋਗ ਦੇਣ ਦਾ ਵਾਅਦਾ ਕਰ ਲਿਆ ਸੀ। ਕੁੱਝ ਹੀ ਦਿਨਾਂ ਵਿੱਚ ਇਹ ਇਤਿਹਾਸਿਕ ਗੀਤ ਤਿਆਰ ਹੋ ਕੇ ਰਿਲੀਜ ਹੋ ਗਿਆ ਹੈ। ਜਿਵੇਂ ਪਹਿਲਾਂ ਦੱਸਿਆ ਗਿਆ ਹੈ ਪੰਮਾਂ ਸਾਹਿਰ ਨੇ ਆਪਣੀ ਬੁਲੰਦ ਅਤੇ ਸੁਰੀਲੀ ਅਵਾਜ਼ ਦੇ ਕੇ ਗੀਤ ਵਿੱਚ ਰੂਹ ਫੂਕ ਦਿੱਤੀ ਹੈ। ਫਾਇਰ ਬੀਟ ਸਟੂਡੀਓ ਜੈਤੋ ਦੇ ਸੰਗੀਤ ਨੇ ਗੀਤ ਨੂੰ ਹੋਰ ਵੀ ਹਰਮਨ ਪਿਆਰਾ ਬਣਾ ਦਿੱਤਾ ਹੈ। ਸਿੰਘ ਬੀ ਬਿਸ਼ਨੰਦੀ ਵਾਲਾ ਨੇਂ ਜ਼ੀਰੇ ਅਤੇ ਇਲਾਕੇ ਦੇ ਪਿੰਡਾਂ ਵਿੱਚ ਫਿਲਮਾ ਕੇ ਆਪਣੀ ਕਲਾ ਦਾ ਬਹੁਤ ਵਧੀਆ ਮੁਜ਼ਾਹਰਾ ਕੀਤਾ ਹੈ। ਅੱਜ ਕੱਲ੍ਹ ਇਹ ਗੀਤ ਖ਼ੂਬ ਚਰਚਾ ਵਿੱਚ ਹੈ। ਪ੍ਰਸ਼ੰਸਕਾਂ ਨੇ ਅਮਰੀਕ ਸਿੰਘ ਤਲਵੰਡੀ ਅਤੇ ਪੂਰੀ ਟੀਮ ਨੂੰ ਵਧਾਈਆਂ ਦੀ ਝੜੀ ਲਾ ਦਿੱਤੀ ਹੈ।ਇਹ ਓਹੀ ਅਮਰੀਕ ਸਿੰਘ ਤਲਵੰਡੀ ਹੈ ਜਿਸ ਨੇ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦੀ ਸੇਵਾ ਲਈ ਅਠਾਰਾਂ ਸਾਲ ਪਹਿਲਾਂ ਅਮਰੀਕਾ ਦਾ ਗਰੀਨ ਕਾਰਡ ਖੁਸ਼ ਹੋ ਕੇ ਛੱਡ ਦਿੱਤਾ ਸੀ !

**ਜਸਵੀਰ ਸਿੰਘ ਭਲੂਰੀਆ
ਸਰੀ (ਬੀ.ਸੀ.) ਕੈਨੇਡਾ +91-9915995505**

# ਕਾਗਜ਼ੀ ਵਿਚੋਲਪੁਣਾ

### ਲੜਕੀ ਦੀ ਲੋੜ

ਕੈਨੇਡਾ ਵਰਕ ਪਰਮਿਟ ਉੱਪਰ ਆਏ ਮਲੇਰਕੋਟਲਾ ਏਰੀਆ ਨਾਲ ਸਬੰਧਿਤ ਜੱਟ ਸਿੱਖ ਗਰੇਵਾਲ ਪਰਿਵਾਰ ਦੇ ਇਕਲੌਤੇ ਬੇਟੇ ਜਨਮ 1992,ਕੱਦ 6 ਫੁੱਟ 2 ਇੰਚ, ਐਮ ਏ ਇੰਗਲਿਸ਼ ਲਈ ਯੂ ਐਸ ਏ / ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ।
ਸੰਪਰਕ: 1778 321 2961 *** 284***

### ਲੜਕੀ ਦੀ ਲੋੜ

ਕਨੇਡੀਅਨ ਪੀ ਆਰ,ਕਪੂਰਥਲਾ ਪਿਛੋਕੜ,ਰਾਮਗੜੀਆ ਪਰਿਵਾਰ ਦੇ ਲੜਕੇ,ਜਨਮ 1992,ਕੱਦ 5 ਫੁੱਟ 9 ਇੰਚ, ਬੀ ਟੈੱਕ ਸਿਵਲ ਇੰਜੀਨੀਅਰਿੰਗ,ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਪੰਜਾਬ ਵਿੱਚ ਪਰਿਵਾਰ ਦੀ ਆਪਣੀ ਸ਼ਾਅ ਮਿੱਲ ਹੈ ਅਤੇ ਲੜਕੇ ਦਾ ਵੱਡਾ ਭਰਾ ਕਨੇਡਾ ਆਪਣੇ ਪਰਿਵਾਰ ਨਾਲ ਸੈੱਟਲ ਹੈ। ਸੰਪਰਕ: 1 647 739 5891 *** 284***

### ਲੜਕੀ ਦੀ ਲੋੜ

ਜੱਟ ਸਿੱਖ ਪਰਿਵਾਰ ਦੇ ਓਪਨ ਵਰਕ ਪਰਮਿਟ ਉੱਪਰ ਆਏ ਟਰੱਕ ਡਰਾਈਵਰ ਦੀ ਜੌਬ ਕਰਦੇ,ਲੜਕੇ ਉਮਰ 41 ਸਾਲ, ਕੱਦ 5 ਫੁੱਟ 11 ਇੰਚ, ਵਿਦਿਅਕ ਯੋਗਤਾ +2 ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਡਿਵੋਰਸ ਲੜਕੀ ਵੀ, ਚਾਹੇ ਬੱਚੇ ਵੀ ਹੋਣ, ਸੰਪਰਕ ਕਰ ਸਕਦੀ ਹੈ। ਸੰਪਰਕ: 403 975 8441 *** 284*Roop**

### ਲੜਕੀ ਦੀ ਲੋੜ

ਕਨੇਡਾ ਵਿਜਟਿਰ ਵੀਜੇ ਉੱਪਰ ਆਏ ਜੱਟ ਸਿੱਖ ਗਿੱਲ ਪਰਿਵਾਰ ਦੇ ਪੱਗ ਬੰਨਦੇ, ਵੈਜੀਟੇਰੀਅਨ ਲੜਕੇ ਉਮਰ 29 ਸਾਲ,ਕੱਦ 5 ਫੁੱਟ 8 ਇੰਚ ਪੜਾਈ ਲਿਖਾਈ: ਪਲੱਸ 2: ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਦੀਆਂ ਦੋਵੇਂ ਭੈਣਾਂ ਕਨੇਡਾ ਰਹਿੰਦੀਆਂ ਹਨ। ਡਿਵੋਰਸ ਕੇਸ ਵਾਲੀ ਲੜਕੀ ਚਾਹੇ ਬੱਚਾ ਵੀ ਹੋਵੇ ਉਹ ਵੀ ਸੰਪਰਕ ਕਰ ਸਕਦੀ ਹੈ। 403 483 9228 ਜਾਂ :gursewakgill94@yahoo.com *** 284***

### ਲੜਕੀ ਦੀ ਲੋੜ

Suitable match for a well-educated (MTech), 1989 born, 5ft 11 inches tall, MAZBI SIKH boy (Never married) living in Canada since 2022 on a Temporary Work Visa. Looking for a PR, Citizen or TRV girl in Canada. Caste no bar. Please contact 306-990-0121 for more info. ***280 ***

### ਲੜਕੇ ਦੀ ਲੋੜ

ਕੈਨੇਡਾ ਵਿਜਟਿਰ ਵੀਜਾ ਉੱਪਰ ਜੱਟ ਸਿੱਖ ਗਿੱਲ ਪਰਿਵਾਰ ਦੀ ਲੜਕੀ ਜਨਮ 1999,ਕੱਦ 5 ਫੁੱਟ 2 ਇੰਚ, ਕਮਿਊਨਿਟੀ ਕੌਸਮੈਟਿਓਲਿਜੀ ਡਿਪਲੋਮਾ ਹੋਲਡਰ, ਬਿਊਟੀਸਨ ਦੀ ਜੌਬ ਕਰਦੀ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਵਰਕ ਪਰਮਿਟ ਜਾਂ ਪੀ ਆਰ ਦੀ ਫਾਈਲ ਲੱਗੀ ਵਾਲਾ ਲੜਕਾ ਵੀ ਸੰਪਰਕ ਕਰ ਸਕਦਾ ਹੈ। ਸੰਪਰਕ: 1 204 970 0666 *** 284***F***

### ਲੜਕੀ ਦੀ ਲੋੜ

ਪੰਜਾਬ ਰਹਿੰਦੇ ਟਾਂਕ ਕਸ਼ੱਤਰੀ ਧਾਮੀ ਕਨੇਡਾ ਦੀਆਂ ਪੀ ਆਰ ਲੜਕੀਆਂ ਦੇ ਇਕਲੌਤੇ ਭਰਾ ਜਨਮ 1999, ਕੱਦ 5 ਫੁੱਟ 4 ਇੰਚ,ਨਸ਼ਿਆਂ ਤੋਂ ਰਹਿਤ,ਸਰਦਾਰ , ਵਿਦਿਆ ਯੋਗਤਾ ਆਈ ਟੀ,ਗਰਾਫਿਕ ਡੀਜਾਇਨਰ,ਲਈ ਕਨੇਡੀਅਨ ਪੀ ਆਰ ਲੜਕੀ ਦੇ ਰਿਸ਼ਤੇ ਦੀ ਲੋੜ ਹੈ । ਲੜਕੇ ਦਾ ਦਾਦਕਾ ਨਾਨਕਾ ਪਰਿਵਾਰ ਕਨੇਡਾ ਵਿੱਚ ਵੈੱਲਸੈਟਲਡ ਹਨ। ਸੰਪਰਕ : 416-300-3204 ਜਾਂ ਇੰਡੀਆ 9814320452 *** 284***F***

### ਲੜਕੇ ਦੀ ਲੋੜ

ਜੱਟ ਸਿੱਖ ਸਰਾਂ ਪਰਿਵਾਰ ਦੀ ਲੜਕੀ ਜਨਮ 1993,ਕੱਦ 5 ਫੁੱਟ 2 ਇੰਚ, ਸਟੱਡੀ: ਐਚ ਆਰ ਮੈਨੇਜਮੈਂਟ,ਬੀ ਐਸ ਸੀ ਐਗਰੀਕਲਚਰਲ (ਇੰਡੀਆ) ਪ੍ਰੋਸੈਸਿੰਗ ਪੀ ਆਰ ਕੇਸ ਲਈ 30-35 ਸਾਲ ਉਮਰ ਦੇ ਅੰਮ੍ਰਿਤਧਾਰੀ, ਚੰਗੇ ਪੜ੍ਹੇਲਿਖੇ,ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਲੜਕਾ ਕਨੇਡਾ ਜਾਂ ਯੂ ਐਸ ਏ ਦਾ ਪੀ ਆਰ ਹੋਵੇ। ਪਰ ਚੰਗੀ ਯੋਗਤਾ ਵਾਲਾ ਵਿਜਟਿਰ ਜਾਂ ਵਰਕ ਪਰਮਿਟ ਵੇਲੱ ਵੀ ਸੰਪਰਕ ਕਰ ਸਕਦਾ ਹੈ। ਸੰਪਰਕ: 1 431 777 4666 ਜਾਂ 1 705 314 2000 *** 284***F***

### ਜੀਵਨ ਸਾਥੀ ਦੀ ਲੋੜ

ਕੈਨੇਡਾ ਵਿਜਟਿਰ ਵੀਜੇ ਉੱਪਰ ਆਈ ਵਿਧਵਾ ਉਮਰ 51 ਸਾਲ, ਕੱਦ 5 ਫੁੱਟ 4 ਇੰਚ, ਦਸਵੀਂ ਪਾਸ, ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਜੀਵਨ ਸਾਥੀ ਦੇ ਰਿਸ਼ਤੇ ਦੀ ਲੋੜ ਹੈ। ਬੱਚਿਆਂ ਸਮੇਤ ਤਲਾਕਸੁਦਾ ਵਾਲੇ ਵੀ ਸੰਪਰਕ ਕਰ ਸਕਦੇ ਹਨ। ਜਾਤਪਾਤ ਦਾ ਕੋਈ ਬੰਧਨ ਨਹੀਂ। ਸੰਪਰਕ: 403 473 4659 ***282***

### ਲੜਕੀ ਦੀ ਲੋੜ

ਨਵੀਂ ਦਿੱਲੀ ਇੰਡੀਆ ਵਿਖੇ ਰਹਿ ਰਹੀ ਜੱਟ ਸਿੱਖ ਗਿੱਲ ਪਰਿਵਾਰ ਦੀ ਪਤਲੀ, ਸੋਹਣੀ ਸੁਨੱਖੀ, ਪਰਿਵਾਰਕ ਕਦਰਾਂ ਕੀਮਤਾਂ ਜਾਣਦੀ,ਮਾਡਰਨ ਦਿੱਖ ਵਾਲੀ ਅਣਮੈਰਿਡ ਲੜਕੀ, ਉਮਰ 36 ਸਾਲ, ਕੱਦ 5 ਫੁੱਟ 5 ਇੰਚ, ਬੀ ਏ (ਇਕਨੌਮਿਕਸ ਅਤੇ ਸ਼ੋਸਾਇਲੋਜੀ ) ਕਾਨਪੁਰ ਯੂਨੀਵਰਿਸਟੀ, ਅਤੇ ਫਾਇਨਾਂਸ ਕੰਪਨੀ ਵਿੱਚ ਸਹਾਇਕ ਵਾਈਸ ਪ੍ਰੈਜ਼ੀਡੈਂਟ ,ਐਡਮਿਨ ਐਂਡ ਇਨਵੈਸਟਰ ਰਿਲੇਸ਼ਨਸਿੱਪ ਦੀ ਜੌਬ ਕਰਦੀ ਲਈ, ਚੰਗੇ ਪੜ੍ਹੇਲਿਖੇ ਚੰਗੇ ਆਚਰਣ ਅਤੇ ਚੰਗੇ ਲਾਈਫਸਟਾਈਲ ਵਾਲੇ ਕਨੇਡੀਅਨ ਪੀ ਆਰ, ਸਿਟੀਜਨ ਜਾਂ ਕਿਸੇ ਵੀ ਹੋਰ ਮੁਲਕ ਤੋਂ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ ਵੱਟਸਐਪ : 91 7704033627 ਜਾਂ +1 (403) 808-2016 **282**

### ਲੜਕੀ ਦੀ ਲੋੜ

ਕੈਨੇਡੀਅਨ ਪੀ ਆਰ,ਜੱਟ ਸਿੱਖ ਚਾਹਲ ,ਜਨਮ 2000, ਕੱਦ 5 ਫੁੱਟ 11 ਇੰਚ , ਕੈਲਗਰੀ ਵਿੱਚ ਰੀਅਲ ਐਸਟੇਟ ਮੀਡੀਆ ਕੰਪਨੀ ਚਲਾ ਰਹੇ ਲੜਕੇ ਵਾਸਤੇ ਯੋਗ ਜੱਟ ਸਿੱਖ ਕੰਨਿਆ ਦੀ ਲੋੜ ਹੈ। ਲੜਕੇ ਦਾ ਸਾਰਾ ਪਰਿਵਾਰ ਕੈਨੇਡਾ ਹੈ। ਸੰਪਰਕ: 403 991 9791***282***

### ਲੜਕੀ ਦੀ ਲੋੜ

ਜੱਟ ਸਿੱਖ ਧਾਲੀਵਾਲ ਪਰਿਵਾਰ ਦੇ ਨਸ਼ਾ ਰਹਿਤ,10 ਏਕੜ ਜ਼ਮੀਨ ਦੇ ਮਾਲਿਕ, ਇਕਲੌਤੇ ਲੜਕੇ ਉਮਰ 23 ਸਾਲ, ਕੱਦ 6 ਫੁੱਟ, ਵਿਦਿਅਕ ਯੋਗਤਾ: ਬੀ ਸੀ ਏ ਲਈ ਕਨੇਡੀਅਨ ਪੀ ਆਰ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 403 827 6257***282ਫ***

### ਲੜਕੀ ਦੀ ਲੋੜ

ਕਨੇਡਾ ਵਰਕ ਪਰਮਿਟ ਉੱਪਰ ਆਏ ਜੱਟ ਸਿੱਖ ਹੇਰ ਪਰਿਵਾਰ ਦੇ ਨਸ਼ਾ ਰਹਿਤ ਲੜਕੇ ਉਮਰ 26 ਸਾਲ,ਕੱਦ 5 ਫੁੱਟ 9 ਇੰਚ, ਘਰਾਂ ਦੇ ਕੰਮ ਸਾਈਡਿੰਗ,ਰੂਫਿੰਗ,ਗਟਰ ਆਦਿ ਦੇ ਕੰਮ ਵਿੱਚ ਮਾਹਿਰ ਲਈ ਕਨੇਡੀਅਨ ਪੀ ਆਰ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 403 827 6257 ***282ਫ***

### ਲੜਕੀ ਦੀ ਲੋੜ

ਕੈਨੇਡਾ ਵਰਕ ਪਰਮਿਟ ਉੱਪਰ ਕੈਨੇਡਾ ਆਏ ਜੱਟ ਸਿੱਖ ਧਾਲੀਵਾਲ ਮੋਗਾ ਏਰੀਆ ਨਾਲ ਸਬੰਧਿਤ ਪਰਿਵਾਰ ਦੇ ਐਡਮਿੰਟਨ ਰਹਿੰਦੇ ਲੜਕੇ ਜਨਮ 2000,ਕੱਦ 5 ਫ਼ੁੱਟ 11 ਇੰਚ ਲਈ ਕੈਨੇਡੀਅਨ ਪੀ ਆਰ ਜਾਂ ਸਿਟੀਜ਼ਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ । ਸੰਪਰਕ:1780 803 4234 ਜਾਂ 1 780 318 4367 ***281***

### ਲੜਕੀ ਦੀ ਲੋੜ

Well Settled Ramgarhia family looking for a suitable match for their son (Never Married) 34-year-old, 5-10 Tall, Clean Shaved. Running a Financing Business in Winnipeg. Canadian Citizen. Cast No Bar. Can be considered work permits or visitor Visa. Call at 204-510-7658 for more Information. ***281***

### ਲੜਕੇ ਦੀ ਲੋੜ

ਰਾਮਗੜੀਆ ਸਿੱਖ ਪਰਿਵਾਰ ਦੀ ਇੰਡੀਆ ਰਹਿੰਦੀ ਸੋਹਣੀ ਸੁਨੱਖੀ ਲੜਕੀ ਜਨਮ 1987,ਕੱਦ 5 ਫੁੱਟ 4 ਇੰਚ, ਵਿਦਿਅਕ ਯੋਗਤਾ ਐਮ ਸੀ ਏ ,ਆਈ ਟੀ ਕੰਪਨੀ ਵਿੱਚ ਸੋਫਟਵੇਅਰ ਡਿਵੈਲਪਰ ਦੀ ਜੌਬ ਕਰਦੀ ਲਈ ਹਾਣ ਪ੍ਰਵਾਣ ਦੇ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਲੜਕੀ ਦੇ ਪਿਤਾ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਜਿਲਾ ਅਦਾਲਤ ਵਿੱਚ ਵਕਾਲਤ ਕਰਦੇ ਹਨ। ਸੰਪਰਕ: 403 472 7764 ਜਾਂ 91 70097 18886 ***281***

### ਲੜਕੀ ਦੀ ਲੋੜ

ਕਨੇਡਾ ਵਿਜਟਿਰ ਵੀਜੇ ਉੱਪਰ ਆਏ ਜੱਟ ਸਿੱਖ ਸੰਧੂ ਪਰਿਵਾਰ ਦੇ ਲੜਕੇ ਜਨਮ 1999,ਕੱਦ 5 ਫੁੱਟ 7 ਇੰਚ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਜਿਸ ਲੜਕੀ ਦੀ ਫਾਈਲ ਲੱਗੀ ਹੋਵੇ ਉਹ ਵੀ ਸੰਪਰਕ ਕਰ ਸਕਦੀ ਹੈ। ਕਾਲ: 1 431 338 0570 ਜਾਂ ਵਟਸਐਪ 1 204 504 8723 ***280***

### ਲੜਕੀ ਦੀ ਲੋੜ

ਕਨੇਡੀਅਨ ਪੀ ਆਰ, ਜੱਟ ਸਿੱਖ ਭੰਗੂ ਪਰਿਵਾਰ ਦੇ ਲੜਕੇ ਜਨਮ 1998, ਕੱਦ 5 ਫੁੱਟ 11 ਇੰਚ, ਇੰਟਰਨੈਸ਼ਨਲ ਬਿਜਨਿਸ ਮੈਨੇਜਮੈਂਟ ਡਿਪਲੋਮਾ ਹੋਲਡਰ ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਦੇ ਦੋ ਛੋਟੇ ਭਰਾ ਵੀ ਕੈਨੇਡਾ ਹੀ ਹਨ। ਪਰਿਵਾਰ ਕੋਲ ਪੰਜਾਬ ਵਿੱਚ 14 ਏਕੜ ਜ਼ਮੀਨ ਹੈ । ਸੰਪਰਕ: 1 514 502 3782 ਜਾਂ ਇੰਡੀਆ: +91 9463409382***280 rao***

### ਲੜਕੇ ਦੀ ਲੋੜ

ਕਨੇਡੀਅਨ ਪੀ ਆਰ ਜੱਟ ਸਿੱਖ ਪਰਿਵਾਰ ਦੀ ਲੜਕੀ ਜਨਮ 1992, ਕੱਦ 5 ਫੁੱਟ 3 ਇੰਚ, ਬੀਏ ਪੜ੍ਹੀ ਲਿਖੀ ਲਈ ਹਾਣ ਪ੍ਰਵਾਣ ਦੇ ਲੜਕੇ ਦੇ ਰਿਸ਼ਤੇ ਦੀ ਲੋੜ ਹੈ । ਵਿਜਟਿਰ ਵੀਜਾ, ਵਰਕ ਪਰਮਿਟ ਜਾਂ ਸਟੂਡੈਂਟ ਵੀਜਾ ਵਾਲੇ ਵੀ ਸੰਪਰਕ ਕਰ ਸਕਦੇ ਹਨ। ਸੰਪਰਕ: 1 825 333 6923 ਜਾਂ ਵਟਸਐਪ ਕਾਲ: 91-99150 98334 ***279***

### ਲੜਕੇ ਦੀ ਲੋੜ

ਕਨੇਡੀਅਨ ਸਿਟੀਜਨ,ਸਰੀ ਰਹਿੰਦੇ ਗਿੱਲ ਪਰਿਵਾਰ ਦੀ ਇਕਲੌਤੀ ਲੜਕੀ, ਜਨਮ 1992, ਕੱਦ 164 ਸੈਂਟੀਮੀਟਰ, ਬੀ ਟੈਕ ਇਨ ਇਲੈਕਟਰੀਕਲ ਇੰਜੀਨੀਅਰਿੰਗ,ਲਈ ਗੁਰਸਿੱਖ ਵਿਚਾਰਾਂ ਵਾਲੀ ਪੜ੍ਹੀਲਿਖੀ ਬੀ ਸੀ ਵਿੱਚ ਰਹਿੰਦੀ ਫੈਮਿਲੀ ਦੇ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 1 236 458 2228, E Mail: kimgillcanada@gmail.com ***279***

### ਲੜਕੀ ਦੀ ਲੋੜ

ਜੱਟ ਸਿੱਖ ਬੋਪਾਰਾਏ ਪਰਿਵਾਰ ਦੇ ਸੋਹਣੇ ਸੁਨੱਖੇ ਸਟੱਡੀ ਪਰਮਿਟ ਉੱਪਰ ਕੈਨੇਡਾ ਆਏ ਲੜਕੇ,ਜਨਮ 2000,ਕੱਦ 5 ਫੁੱਟ 10 ਇੰਚ, ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਦੇ ਰਿਸ਼ਤੇਦਾਰ ਪਰਿਵਾਰ ਕੈਨੇਡਾ ਵਿੱਚ ਪੱਕੇ ਤੌਰ ਤੇ ਸੈੱਟਲ ਹਨ ਜੋ ਕਿ ਲੜਕੇ ਨੂੰ ਸੈੱਟਲ ਹੋਣ ਵਿੱਚ ਆਰਥਿਕ ਮੱਦਦ ਕਰ ਸਕਦੇ ਹਨ। ਤਲਾਕਸ਼ੁਦਾ ਜਾਂ ਵਰਕ ਪਰਮਿਟ ਵਾਲੀ ਲੜਕੀ ਵੀ ਸੰਪਰਕ ਕਰ ਸਕਦੀ ਹੈ। ਸੰਪਰਕ: 1 587 227 6000 **te**un**je**

### ਲੜਕੀ ਦੀ ਲੋੜ

Hindu Punjabi khatri boy Jan 1985 born, height 5.7 living in Vancouver upper middle class family, B. Tech/MBA, now self employed in logistics, Canadian citizen looking for a beautiful, educated girl within Canada. Tourist, work permit, PR or citizen. +13065026789 ***279***

### ਲੜਕੀ ਦੀ ਲੋੜ

Ramgarhia parents seeking a girl for their Canadian born and raised 26 years old son who is professionally qualified and working as an engineer for a reputable company. He is non drinker and 6’ 2” tall. Girl must be Canadian born and raised and professionally qualified. Cast no bar. May consider citizen or PR. Contact: 1587-783-2518, 1 780-554-3591,
E Mail: gagan_8.4@hotmail.com ***279***

### ਲੜਕੀ ਦੀ ਲੋੜ

ਕਨੇਡਾ ਵਰਕ ਪਰਮਿਟ ਉੱਪਰ ਆਏ ਰਾਮਗੜੀਆ (ਸੰਧੂ) ਪਰਿਵਾਰ ਦੇ ਬਰਨਾਲਾ ਇਲਾਕੇ ਨਾਲ ਸਬੰਧਿਤ ਸੋਹਣੇ ਸੁਨੱਖੇ ਲੜਕੇ ਜਨਮ 2002, ਕੱਦ 6 ਫੁੱਟ, ਵਿਦਿਅਕ ਯੋਗਤਾ: ਪਲੱਸ 2 ਨਾਨ ਮੈਡੀਕਲ (ਚੰਡੀਗੜ੍ਹ) ਡਿਪਲੋਮਾਂ ਸੀ ਐੱਸ ਜਨਰਲ ਸਰੀ ਕੈਨੇਡਾ, ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 1 604 355 5931 ਜਾਂ 91 9804500031 *** ***

### ਲੜਕੇ ਦੀ ਲੋੜ

ਜੱਟ ਸਿੱਖ ਕੰਦੋਲਾ ਪਰਿਵਾਰ ਦੀ ਆਬੂਧਾਬੀ ਵਿਖੇ ਰਹਿੰਦੀ ਅਤੇ ਬੈਂਕ ਦੀ ਜੌਬ ਕਰਦੀ ਲੜਕੀ ਉਮਰ 35 ਸਾਲ, ਕੱਦ 5 ਫੁੱਟ 5 ਇੰਚ,ਵਿਦਿਅਕ ਯੋਗਤਾ : ਐਮ ਬੀ ਏ ਫਾਇਨੈਂਸ ਲਈ ਕਨੇਡੀਅਨ ਪੀ ਆਰ ਜਾਂ ਸਿਟੀਜ਼ਨ ਲੜਕੇ ਦੇ ਰਿਸ਼ਤੇ ਦੀ ਲੋੜ ਹੈ ।ਸੰਪਰਕ: 1587 228 0693, Email: arandhawa gmail.com ***291***

### ਲੜਕੀ ਦੀ ਲੋੜ

ਕਨੇਡੀਅਨ ਪੀ ਆਰ ਜੱਟ ਸਿੱਖ ਤੂਰ ਪਰਿਵਾਰ ਦੇ ਲੜਕੇ ਉਮਰ, ਉਮਰ 30 ਸਾਲ,ਕੱਦ 5ਫੁੱਟ 11 ਇੰਚ,ਵਿੱਦਿਅਕ ਯੋਗਤਾ ਬੀ ਏ, ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸ਼ਤ ਦੀ ਲੋੜ ਹੈ। ਜੋਆਇੰਟ ਫੈਮਿਲੀ ਵਾਲੇ ਰਿਸ਼ਤੇ ਨੂੰ ਪਹਿਲ । ਸੰਪਰਕ ਲਈ ਸਿਰਫ ਵਟਸਐਪ ਉੱਪਰ ਹੀ ਵਾਇਓਡਾਟਾ ਭੇਜਿਆ ਜਾਵੇ । ਵਟਸਐਪ: 403 680 0436 ******

### ਲੜਕੀ ਦੀ ਲੋੜ

ਕਨੇਡਾ ਵਿੱਚ ਵਰਕ ਪਰਮਿਟ ਉਪਰ ਜੱਟ ਸਿੱਖ ਦੁਸਾਂਝ ਪਰਿਵਾਰ ਦੇ ਕੈਲਗਰੀ ਰਹਿੰਦੇ ਲੜਕੇ,ਉਮਰ 27 ਸਾਲ,ਕੱਦ 6 ਫੁੱਟ 4 ਇੰਚ ਵਿਦਿਅਕ ਯੋਗਤਾ ਐਮ ਏ, ਤਲਾਕਸ਼ੁਦਾ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਬਿਨਾਂ ਬੱਚੇ ਤੋਂ ਤਲਾਕ ਸ਼ੁਦਾ ਵੀ ਸੰਪਰਕ ਕਰ ਸਕਦੀ ਹੈ। ਸੰਪਰਕ: 403 971 2245 ***280*** *F*

### ਲੜਕੀ ਦੀ ਲੋੜ

ਕਨੇਡੀਅਨ ਬੌਰਨ,ਜੱਟ ਸਿੱਖ ਪਰਿਵਾਰ ਦੇ ਕੈਲਗਰੀ ਰਹਿੰਦੇ ਨਾਨ ਡਰਿੰਕਰ, ਲੜਕੇ ਉਮਰ 32 ਸਾਲ, ਕੱਦ 5 ਫੁੱਟ 10 ਇੰਚ, ਵਿਦਿਅਕ ਯੋਗਤਾ: ਕਨੇਡੀਅਨ ਯੂਨੀਵਰਿਸਟੀ ਤੋਂ ਬਿਜਨਿਸ ਐਡਮਨਿਸਟ੍ਰੇਸ਼ਨ ਬੈਚੂਲਰ ਡਿਗਰੀ, ਸਾਫਟਵੇਅਰ ਡਿਵੈਲਪਮੈਂਟ ਕੰਪਨੀ ਨਾਲ ਟੋਟਲ ਰੀਵਾਰਡਜ਼ ਮੈਨੇਜਰ ਦੀ ਜੌਬ ਕਰਦੇ ਲਈ ਹਾਣ ਪ੍ਰਵਾਣ ਦੀ ਯੋਗਤਾ ਵਾਲੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਦਾ ਆਪਣਾ ਈ ਕਾਮਰਸ ਬਿਜਨਿਸ ਵੀ ਹੈ। ਸੰਪਰਕ: 403 561 6016 ***-***

### ਲੜਕੀ ਦੀ ਲੋੜ

ਕਨੇਡੀਅਨ ਬੌਰਨ ਜੱਟ ਸਿੱਖ ਸੰਧੂ ਪਰਿਵਾਰ ਦੇ ਤਲਾਕਸ਼ੁਦਾ ਲੜਕੇ ਉਮਰ 43 ਸਾਲ, ਕੱਦ 5 ਫੁੱਟ 10 ਇੰਚ, ਲਈ ਹਾਣ ਪ੍ਰਵਾਣ ਦੀ ਉਮਰ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਵਰਕ ਪਰਮਿਟ ਵਾਲੀ ਜਾਂ ਬਿਨਾ ਬੱਚੇ ਤੋਂ ਤਲਾਕਸ਼ੁਦਾ ਵੀ ਸੰਪਰਕ ਕਰ ਸਕਦੀ ਹੈ। ਸੰਪਰਕ: 1 403 826 8245 *** ***

### ਲੜਕੇ ਦੀ ਲੋੜ

ਜੱਟ ਸਿੱਖ, ਖੈਰਾ ਪਰਿਵਾਰ ਬਰਨਾਲਾ ਇਲਾਕੇ ਦੀ ਪੰਜਾਬ ਰਹਿੰਦੀ, ਚੰਗੀਆਂ ਪਰਿਵਾਰਿਕ ਕਦਰਾਂ ਕੀਮਤਾਂ ਵਾਲੀ,ਸੋਹਣੀ ਸੁਨੱਖੀ,ਇੰਟੈਲੀਜੈਂਟ, ਲੜਕੀ ਜਨਮ 1992,ਕੱਦ 5 ਫੱਟ 3 ਇੰਚ, ਵਿਦਿਅਕ ਯੋਗਤਾ ਐਮ ਐੱਸ (ਆਈ ਟੀ) ਲਈ ਕਨੇਡਾ ਅਮਰੀਕਾ ਜਾਂ ਆਸਟਰੇਲੀਆ ਰਹਿੰਦੇ ਪੀ ਆਰ ਜਾਂ ਸਿਟੀਜਨ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: ਵਟਸਐਪ 91-9393800002 ਜਾਂ 1 780 300 2000 ***_***

### ਲੜਕੇ ਦੀ ਲੋੜ

Jatt Sikh family seek a suitable match for their 5ft. 8inch / 30 years old daughter. She is an Engineering Graduate from Canadian University and working as a Professional Engineer (P. Eng.) within a reputed company. Boy should be born or raised in Canada. Seeking Canadian University Educated Doctor, Engineer, Lawyer, and Accountant. Contact: (403) 828 7973 or acheema8811@gmail.com. Only Jatt Sikh families contact. ***000***

“ਪੰਜਾਬੀ ਅਖ਼ਬਾਰ” ਵਿੱਚ ਖਬਰਾਂ,ਕਾਰੋਬਾਰ ਵਿੱਚ ਵਾਧੇ ਲਈ ਵਿਓਪਾਰਕ ਐਡਵਰਟਾਈਜ਼ਮੈਂਟ,ਬੱਚਿਆਂ ਦੇ ਜਨਮ ਦਿਨ ਮੌਕੇ ਦੀਆਂ ਤਸਵੀਰਾਂ,ਵਿਆਹ ਦੀ ਵਰ੍ਹੇਗੰਢ, ਵਿਆਹ ਲਈ ਲੜਕੇ ਲੜਕੀ ਦੀ ਭਾਲ ਸਬੰਧੀ,ਵਰਕਰਾਂ ਦੀ ਲੋੜ, ਇੰਡੀਅਨ ਪਾਸਪੋਰਟ ਉੱਪਰ ਨਾਮ ਬਦਲੀ ਸਬੰਧੀ ਇਸਤਿਹਾਰ ਜਾਂ ਆਪਣੀਆਂ ਰਚਨਾਵਾਂ ਛਪਵਾਉਣ ਲਈ ਸੰਪਰਕ ਕਰੋ ।
Email: punjabiakhbaar@gmail.com
**403 640 2000**

## ਲੜਕੀ ਦੀ ਲੋੜ

ਕਨੇਡਾ ਸਟੂਡੈਂਟ/ਵਰਕ ਪਰਮਿਟ ਉੱਪਰ ਕਨੇਡਾ ਆਏ ਜੱਟ ਸਿੱਖ ਸਮਰਾ ਪਰਿਵਾਰ ਦੇ ਇਕਲੌਤੇ, ਸੋਹਣੇ ਸੁਨੱਖੇ ਲੜਕੇ ਉਮਰ 22 ਸਾਲ ਕੱਦ 5 ਫੁੱਟ 9 ਇੰਚ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਆਰਥਿਕ ਤੌਰ ਤੇ ਬਹੁਤ ਚੰਗੀ ਹਾਲਾਤ ਵਾਲੇ ਸਿਰੇ ਦੇ ਮਿਹਨਤੀ ਲੜਕੇ ਕੋਲ ਪੰਜਾਬ ਵਿੱਚ 20 ਏਕੜ ਜ਼ਮੀਨ, ਕੰਬਾਈਨ,ਟਰੈਕਟਰ, ਕਾਰੋਬਾਰੀ (ਆੜ੍ਹਤ)ਦਾ ਪਿਛੋਕੜ, ਪਿੰਡ ਵਿੱਚ ਵੱਡ ਅਕਾਰੀ ਕੋਠੀ, ਗੱਡੀ ਆਦਿ ਵਰਗੀਆਂ ਸਹੂਲਤਾਂ ਮੌਜੂਦ ਹਨ। ਲੜਕੇ ਦਾ ਤਾਇਆ ਅਤੇ ਬਾਕੀ ਪਰਿਵਾਰ ਕਨੇਡਾ ਪੱਕੇ ਤੌਰ ਤੇ ਸੈਟਲ ਹੈ।
ਸੰਪਰਕ 1 780 300 2000 (ਵਟਸਐਪ): 9583592000

## Name Change

**I, PRITPAL SINGH, Son of SARABJIT SINGH, holder of Indian passport No. P4875096, issued at JALANDHAR, on 05/12/2016, permanent resident of, VPO: MORANWALI, HOSHIARPUR, PIN: 144531, PUNJAB, INDIA presently residing, 293 WEST LAKEVIEW CLOSE CHESTERMERE (AB) T1X1K4, CANADA. Do hereby change My name from PRITPAL SINGH to PRITPAL SINGH HAYER with immediate effect.**
**Date: 20/10/2025 Phone: 1 780 281 1600**


## ਘਰ ਦੇ ਕੰਮ ਲਈ ਸਹਾਇਕ ਔਰਤ ਦੀ ਲੋੜ

ਕੈਲਗਰੀ ਸਹਿਰ ਦੇ ਸੈਡਲਰਿੱਜ ਏਰੀਆ ਵਿੱਚ ਰਹਿੰਦੀ ਪੰਜਾਬੀ ਫੈਮਿਲੀ ਨੂੰ ਘਰ ਦੇ ਕੰਮ ( ਬਰਤਨ ਧੋਣੇ ਅਤੇ ਘਰ ਦੀ ਸਾਫ ਸਫਾਈ ਆਦਿ) ਲਈ ਹੈਲਪਰ (ਔਰਤ) ਦੀ ਲੋੜ ਹੈ । ਕੰਮ ਹਫ਼ਤੇ ਦੇ ਪੰਜ ਦਿਨ 30-35 ਘੰਟੇ ਹੋਵੇਗਾ । ਚੰਗੀ ਤਨਖਾਹ ਦਿੱਤੀ ਜਾਵੇਗੀ।
ਸੰਪਰਕ : 587 329 7202

## Need Office Administrator

**We need Office administrator person for our Calgary Office. who speaks good English, must have driver license, good wages,we will give training also!**
**Contact : Kam Khamba @403-975-0128**

## ਖੇਤਾਂ ਦੇ ਕੰਮ ਲਈ ਕਾਮਿਆਂ ਦੀ ਲੋੜ



ਟਰੀ ਪੈਕਿੰਗ ਦਾ ਕੰਮ
(ਮਾਰਚ ਤੋਂ ਦਸੰਬਰ ਤੱਕ ਚਲੇਗਾ)
ਕੰਮ ਸਾਰਾ ਘੰਟਿਆਂ ਦੇ ਹਿਸਾਬ ਨਾਲ ਹੋਵੇਗਾ
ਕੀਤੇ ਹੋਏ ਕੰਮ ਦੀਆਂ ਸਟੈਂਪਾ ਦਿੱਤੀਆਂ ਜਾਣਗੀਆਂ
ਰਹਿਣ ਦਾ ਪੂਰਾ ਪਰਬੰਧ ਹੈ

**ਕਲਾਸ 4 ਡਰਾਈਵਰ ਦੀ ਵੀ ਜਰੂਰਤ ਹੈ**

**ਕਾਲ ਕਰੋ:**
**1 250 319 7263**


Advice from someone you trust.
Sun Life
Life's brighter under the sun

Life & Health Insurance • Critical Illness Insurance • Disability Insurance
Employee Benefits • RESP • TFSA • RRSP • Mutual Funds




**Harvinder Singh***
587-574-0029
harvinder.h.singh@sunlife.com

*Mutual fund business is done with your advisor through Sun Life Financial Investment Services (Canada) Inc. Advisors and their corporations conduct insurance business through Sun Life Financial Distributors (Canada) Inc. Sun Life Assurance Company of Canada is the insurer and is a member of the Sun Life group of companies. © Sun Life Assurance Company of Canada, 2023.




# ਜੀਹਦਾ ਦਿਲ ਟੁੱਟ ਜਾਏ-2

(ਬਾਬਾ ਆਲਮ ਸਿਆਹਪੋਸ਼)





ਬਾਬਾ ਆਲਮ ਵੀ ਉਹਨਾਂ ਫ਼ਨਕਾਰਾਂ ਵਿੱਚੋਂ ਇੱਕ ਨੇ। ਉਹਨਾਂ ਨੂੰ ਕਰੀਬ ਤੋਂ ਦੇਖਣ ਵਾਲੇ ਜਾਣਦੇ ਨੇ ਕਿ ਉਹ ਆਪਣੀ ਸ਼ਾਇਰੀ ਤੋਂ ਕਿੰਨੇ ਵੱਡੇ ਸ਼ਾਇਰ ਸਨ। ਹਾਲਾਤ ਨੇ ਉਹਨਾਂ ਦੀ ਸ਼ਖ਼ਸੀਅਤ ਦੇ ਕਈ ਟੁਕੜੇ ਕਰ ਦਿੱਤੇ। ਜੋ ਕੁੱਝ ਉਹ ਕਹਿਣਾ ਚਾਹੁੰਦੇ ਸਨ ਉਹਦਾ ਪੂਰੀ ਤਰ੍ਹਾਂ ਇਜ਼ਹਾਰ ਨਹੀਂ ਕਰ ਸਕੇ। ਇਹਨਾਂ ਮਜਬੂਰੀਆਂ ਦੇ ਬਾਵਜੂਦ ਜਦੋਂ ਅਸੀਂ ਉਹਨਾਂ ਦੇ ਮਜਮੂਏਂ ਕਲਾਮ ਤੇ ਨਜ਼ਰ ਪਾਉਂਦੇ ਹਾਂ ਤਾਂ ਸਾਨੂੰ ਉਹਨਾਂ ਦੀ ਸ਼ਾਇਰੀ ਵਿੱਚ ਖਾਸਾ ਤਣਾਓ ਨਜ਼ਰ ਆਉਂਦਾ ਹੈ। ਉਹਨਾਂ ਦੇ ਕਲਾਮ ਵਿੱਚ ਸਿਆਸੀ ਤੇ ਸਮਾਜਿਕ ਚਿੰਤਾ ਦੀ ਤਰਜਮਾਨੀ ਹੈ।ਜੋ ਕਲਾਮ ਦਰਸਾਉਂਦਾ ਹੈ ਕਿ ਉਹਨਾਂ ਦੀ ਤਬੀਅਤ ਵਿੱਚ ਕਿੰਨੀ ਬੇਬਾਕੀ ਸੀ।ਬਾਬਾ ਆਲਮ ਪੰਜਾਬੀ ਤੋਂ ਇਲਾਵਾ ਉਰਦੂ, ਫਾਰਸੀ ਅਦਬ ਦਾ ਵੀ ਖਾਸਾ ਸ਼ੌਕ ਰੱਖਦੇ ਸਨ। ਉਹਨਾਂ ਵਰ੍ਹਿਆਂ 'ਚ ਅਸੀਂ ਇੱਕੱਠੇ ਉੱਠਦੇ ਬੈਠਦੇ ਰਹੇ। ਉਹ ਪੰਜਾਬੀ ਉਰਦੂ ਯਾ ਫਾਰਸੀ ਦਾ ਚੰਗਾ ਸ਼ੇਅਰ ਸੁਣ ਕੇ ਰੱਜਵੀਂ ਦਾਦ ਦਿੰਦੇ। ਇੰਝ ਜਾਪਦਾ ਕਿ ਉਹ ਮਨ ਹੀ ਮਨ ਵਿੱਚ ਬਹੁਤ ਲੁਤਫ਼ ਲੈ ਰਹੇ ਹਨ।ਸੈਫੂਦੀਨ ਸੈਫ ਸਾਹਿਬ ਦਾ ਇਹ ਲੇਖ ਬਾਬਾ ਜੀ ਦੀ ਸ਼ਖ਼ਸੀਅਤ ਨੂੰ ਹੋਰ ਉਘਾੜਦਾ ਹੈ।ਇਸ ਤੋਂ ਬਾਅਦ ਮੈਨੂੰ ਪ੍ਰਸਿੱਧ ਪੱਤਰਕਾਰ ਅਤੇ ਫਿਲਮ ਨਿਰਮਾਤਾ 'ਸ਼ਬਾਬ ਕਰਿਆਣਵੀ' ਸਾਹਿਬ ਦੀ ਲਿਖਤ ਮਿਲੀ। ਜਿਸ ਤੋਂ ਬਾਬਾ ਜੀ ਬਾਰੇ ਹੋਰ ਜਾਣਕਾਰੀ ਮਿਲਦੀ ਹੈ। ਸ਼ਬਾਬ ਕਰਿਆਣਵੀ ਸਾਹਿਬ ਲਿਖਦੇ ਹਨ। ਜਦੋਂ ਮੈਂ 'ਡਾਇਰੈਕਟਰ' ਮੈਗਜ਼ੀਨ ਦਾ ਐਡੀਟਰ ਸੀ ਤਾਂ ਬਾਬਾ ਆਲਮ ਸਿਆਹਪੋਸ਼ ਨਾਲ ਮੇਰਾ ਮੇਲ ਹੋਇਆ। ਪਹਿਲੀ ਹੀ ਮੁਲਾਕਾਤ ਵਿੱਚ ਉਨ੍ਹਾਂ ਕਾਫੀ ਸਾਰਾ ਕਲਾਮ ਸੁਣਾਇਆ। ਮੈਂ ਸੁਣ ਕੇ ਬਹੁਤ ਪ੍ਰਭਾਵਿਤ ਹੋਇਆ। ਮੈਂ ਬਾਬਾ ਜੀ ਨੂੰ ਬੇਨਤੀ ਕੀਤੀ ਕਿ ਉਹ ਗਾਹੇ ਬਗਾਹੇ ਡਾਇਰੈਕਟਰ ਵਿੱਚ ਛਾਪਣ ਲਈ ਆਪਣਾ ਕਲਾਮ ਦਿਆ ਕਰਨ। ਉਹਨਾਂ ਨੇ ਤੁਰੰਤ ਹੀ ਇੱਕ ਨਜ਼ਮ 'ਉਨੀਂਦਰਾ' ਮੈਨੂੰ ਦੇ ਦਿੱਤੀ, ਜੋ ਡਾਇਰੈਕਟਰ ਵਿੱਚ ਛਾਪੀ ਗਈ। ਇਸਤੋਂ ਬਾਅਦ ਗਾਹੇ ਬਗਾਹੇ ਬਾਬਾ ਜੀ ਡਾਇਰੈਕਟਰ ਦੇ ਦਫਤਰ ਤਸ਼ਰੀਫ਼ ਲਿਆਉਂਦੇ ਰਹਿੰਦੇ ਤੇ ਆਪਣੇ ਕਲਾਮ ਨਾਲ ਸਰਸ਼ਾਰ ਕਰਦੇ।ਬਾਬਾ ਜੀ ਦੀ ਇੱਕ ਖਾਸ ਅਦਾ ਇਹ ਸੀ ਕਿ ਜਦੋਂ ਵੀ ਉਹਨਾਂ ਨੂੰ ਕਲਾਮ ਸੁਣਾਉਣ ਲਈ ਬੇਨਤੀ ਕੀਤੀ ਜਾਂਦੀ ਤਾਂ ਉਹ ਬਿਨਾਂ ਕਿਸੇ ਦੇਰੀ ਦੇ ਫੌਰਨ ਸੁਣਾਉਣਾ ਸ਼ੁਰੂ ਕਰ ਦਿੰਦੇ।

ਆਪਣੇ ਕਲਾਮ ਤੋਂ ਇਲਾਵਾ ਉਹਨਾਂ ਦੇ ਪੰਜਾਬੀ ਦੇ ਹੋਰ ਕਵੀਆਂ ਦਾ ਕਲਾਮ ਵੀ ਮੂੰਹ ਜ਼ਬਾਨੀ ਯਾਦ ਸੀ। ਮੋਹਨ ਸਿੰਘ ਦੀਆਂ ਬਹੁਤੀਆਂ ਕਵਿਤਾਵਾਂ ਉਹਨਾਂ ਦੇ ਮੂੰਹ ਜ਼ਬਾਨੀ ਯਾਦ ਸਨ। ਇੱਕ ਵਾਰ ਤਾਂ ਮੈਂ ਉਹਨਾਂ ਦੀ ਯਾਦਾਸ਼ਤ ਦੀ ਖੁਲ੍ਹ ਕੇ ਪ੍ਰਸ਼ੰਸ਼ਾ ਕੀਤੀ।

ਹੋਇਆ ਇੰਝ ਕਿ ਕਾਜ਼ੀ ਅਬਦੁਲ ਕਾਤਿਲ ਮਰਹੂਮ ਦਾ ਜ਼ਿਕਰ ਚੱਲ ਪਿਆ। ਬਾਬਾ ਜੀ ਨੇ ਉਹਨਾਂ ਦਾ ਬਹੁਤ ਕਲਾਮ ਜ਼ਬਾਨੀ ਸੁਣਾ ਦਿੱਤਾ। ਮੈਂ ਹੈਰਾਨ ਸੀ ਕਿ ਬਾਬਾ ਜੀ ਨੇ ਇਹ ਐਨਾ ਕਲਾਮ ਜ਼ੁਬਾਨੀ ਯਾਦ ਕਿਵੇਂ ਕੀਤੈ। ਮੈਂ ਬਾਬਾ ਜੀ ਨੂੰ ਪੁੱਛਿਆ "ਇਹ ਕਲਾਮ ਤੁਸੀਂ ਕਿਸੇ ਖਾਸ ਵਜ੍ਹਾ ਨਾਲ ਯਾਦ ਕੀਤੈ" ਬਾਬਾ ਜੀ ਨੇ ਜੁਆਬ ਦਿੱਤਾ।

"ਨਹੀਂ ਕੋਈ ਖਾਸ ਵਜਾਹ ਨਹੀਂ, ਬੱਸ ਮੈਨੂੰ ਸ਼ਾਇਰੀ ਬਹੁਤ ਪਸੰਦ ਐ, ਮੈਂ ਕਈ ਵਾਰ ਪੜ੍ਹੀ ਤੇ ਮੇਰੇ ਧੁਰ ਅੰਦਰ ਲਹਿ ਗਈ।" ਬਾਬਾ ਜੀ ਨੇ ਜੁਆਬ ਦਿੱਤਾ। 1963 ਵਿੱਚ ਬਾਬਾ ਜੀ ਬਦਹਾਲੀ ਦਾ ਸ਼ਿਕਾਰ ਹੋ ਗਏ। ਇੱਕ ਦਿਨ ਉਹ ਮੈਨੂੰ ਮਿਲਣ ਆਏ ਤੇ ਆਪਣੀ ਬੇਕਾਰੀ ਦਾ ਕਿੱਸਾ ਸੁਣਾਉਣ ਲੱਗੇ। ਮੈਂ ਦੇਖਿਆ ਕਿ ਅਚਾਨਕ ਉਹਨਾਂ ਦੀਆਂ ਅੱਖਾਂ ਭਰ ਆਈਆਂ ਤੇ ਅੱਖਾਂ 'ਚੋਂ ਅੱਥਰੂ ਵਹਿਣ ਲੱਗੇ। ਮੈਂ ਉਹਨਾਂ ਨੂੰ ਆਪਣੇ ਅਦਾਰੇ 'ਸ਼ਬਾਬ ਪ੍ਰੋਡਕਸ਼ਨ' ਵਿੱਚ ਮੁਲਾਜ਼ਮ ਰੱਖ ਲਿਆ। ਉਸ ਦਿਨ ਉਹ ਕਿੰਨੇ ਖੁਸ਼ ਸਨ, ਇਸ ਗੱਲ ਦਾ ਮੈਨੂੰ ਹੀ ਪਤੈ। ਕੁੱਝ ਦਿਨਾਂ ਬਾਅਦ ਮੈਂ ਬਾਬਾ ਜੀ ਨੂੰ ਇੱਕ ਕਹਾਣੀ ਸੁਣਾਈ। ਜੋ ਉਨ੍ਹਾਂ ਨੂੰ ਬਹੁਤ ਪਸੰਦ ਆਈ। ਮੈਂ ਕਿਹਾ "ਮੈਂ ਇਸ ਦਾ ਸਕਰੀਨ ਪਲੇਅ ਮੁਕੰਮਲ ਕਰਕੇ ਤੁਹਾਨੂੰ ਦੇ ਦਿਆਂਗਾ, ਫੇਰ ਤੁਸੀਂ ਇਸ ਦੇ ਡਾਇਲਾਗ ਤੇ ਗੀਤ ਲਿਖ ਦੇਣੇ" ਕੁੱਝ ਹੀ ਦਿਨਾਂ ਵਿੱਚ ਉਹ ਸਕ੍ਰਿਪਟ ਮੁਕੰਮਲ ਹੋ ਗਿਆ ਤੇ ਇਸ ਫਿਲਮ ਦਾ ਨਾਮ ਰੱਖਿਆ ਗਿਆ 'ਤੀਸ ਮਾਰ ਖਾਂ' ਇਹ ਫਿਲਮ ਕਿੰਨੀ ਕਾਮਯਾਬ ਹੋਈ, ਇਸਨੂੰ ਕਿੰਨਾ ਪਸੰਦ ਕੀਤਾ ਗਿਆ ਇਹ ਦੱਸਣ ਦੀ ਜ਼ਰੂਰਤ ਨਹੀਂ। ਇਸ ਤੋਂ ਬਾਅਦ ਕਾਫੀ ਦੇਰ ਬਾਬਾ ਜੀ ਮੇਰੇ ਅਦਾਰੇ ਨਾਲ ਜੁੜੇ ਰਹੇ।ਫੇਰ ਬਾਬਾ ਜੀ ਨੂੰ ਬਾਹਰੋਂ ਵੀ ਕੰਮ ਮਿਲਣ ਲੱਗ ਪਿਆ। ਮੈਂ ਬਾਬਾ ਜੀ ਨੂੰ ਆਖਿਆ "ਤੁਹਾਡਾ ਫਾਇਦਾ ਇਸੇ ਗੱਲ ਵਿੱਚ ਹੈ ਕਿ ਤੁਸੀਂ ਫ੍ਰੀ ਲਾਂਸਰ ਦੇ ਤੌਰ ਤੇ ਕੰਮ ਕਰੋ, ਲਿਹਾਜਾ ਮੈਂ ਸ਼ਬਾਬ ਪ੍ਰੋਡਕਸ਼ਨ ਤੋਂ ਤੁਹਾਨੂੰ ਮੁਕਤ ਕਰਦਾ ਹਾਂ।" ਬਾਬਾ ਜੀ ਨੂੰ ਸ਼ਬਾਬ ਪ੍ਰੋਡਕਸ਼ਨ ਛੱਡਣ ਦਾ ਦੁੱਖ ਵੀ ਸੀ ਪਰ ਉਹਨਾਂ ਨੂੰ ਇਹ ਅਹਿਸਾਸ ਸੀ ਕਿ ਸ਼ਬਾਬ ਦੇ ਇਸ ਕਦਮ ਨਾਲ ਮੇਰੀ ਖ਼ੁਦ ਦੀ ਭਲਾਈ ਹੈ। ਬਾਬਾ ਜੀ ਜਦੋਂ ਤੱਕ ਜੀਵਤ ਰਹੇ, ਮੈਨੂੰ ਮਿਲਦੇ ਰਹੇ। ਮੈਂ ਉਹਨਾਂ ਦੀ ਸ਼ਾਇਰੀ ਤੋਂ ਹਮੇਸ਼ਾ ਪ੍ਰਭਾਵਿਤ ਹੋਇਆ। ਉਹਨਾਂ ਦੀ ਕਲਮ ਵਿੱਚ ਪੰਜਾਬੀ ਅਦਬ ਦੀ ਚਾਸ਼ਨੀ ਹੈ।ਆਓ ਸਭ ਤੋਂ ਪਹਿਲਾਂ ਬਾਬਾ ਜੀ ਦੀ ਕਵਿਤਾ ਤੇ ਨਜ਼ਰ ਮਾਰੀਏ। ਇਹ ਕਵਿਤਾ ਬਾਬਾ ਜੀ ਦੀ ਲੋਕ-ਪੱਖੀ ਵਿੱਚਾਰਧਾਰਾ ਦਾ ਪ੍ਰਮਾਣ ਐ ਜਿਸਦਾ ਸਿਰਨਾਵਾਂ ਐ 'ਆਟਾ'।

**ਆਟਾ ਨਹੀਂ ਮਿਲਦਾ, ਨਹੀਂ ਮਿਲਦਾ ਸਰਕਾਰ**
**ਆਟਾ ਨਹੀਂ ਮਿਲਦਾ**
**ਪੁੱਤਰ ਰੋਂਦੇ, ਪੋਤੇ ਰੋਂਦੇ, ਧੀਆਂ ਰੋਂਦੀਆਂ, ਦੋਹਤੇ ਰੋਂਦੇ**
**ਚਿੱਟੇ ਝਾਟੇ ਵਾਲੀ ਮਾਈ ਰੋ ਰੋ ਕਰੇ ਪੁਕਾਰ**
**ਆਟਾ ਨਹੀਂ ਮਿਲਦਾ, ਨਹੀਂ ਮਿਲਦਾ ਸਰਕਾਰ**
**ਆਟਾ ਨਹੀਂ ਮਿਲਦਾ**
**ਚੀਕਾਂ ਮਾਰਨ ਬਾਲ ਅੰਞਾਣੇ, ਤਰਲੇ ਲੈਂਦੈ ਭੁੱਖਣ ਭਾਣੇ**
**ਦਿੱਤੇ ਵੇਚ ਸੁਹਾਗਣਾਂ ਚੂੜੇ, ਮਿੱਟੀ ਦੇ ਵਿੱਚ ਰੁਲਗੇ ਜੂੜੇ**
**ਡੀਪੂਆਂ ਉੱਤੇ ਧੱਕੇ ਪੈਂਦੇ, ਜ਼ੋਰਾਵਰ ਨਹੀਂ ਕੁਸਕਣ ਦਿੰਦੇ**
**ਕੀਹਨੂੰ ਦਿਲ ਦਾ ਹਾਲ ਸੁਣਾਈਏ, ਠੇਡੇ ਖਾਂਦੇ ਕਿੱਧਰ ਜਾਈਏ**
**ਜਿੱਧਰ ਜਾਈਏ, ਝਿੜਕਾਂ ਖਾਈਏ, ਕੌਣ ਸੁਣੇ ਪੁਕਾਰ**
**ਆਟਾ ਨਹੀਂ ਮਿਲਦਾ, ਨਹੀਂ ਮਿਲਦਾ ਸਰਕਾਰ**
**ਆਟਾ ਨਹੀਂ ਮਿਲਦਾ**
**ਜ਼ਿਮੀਂਦਾਰਾਂ ਨੇ ਕੋਠੇ ਭਰ ਲਏ, ਲੈ ਲੈ ਤਰਲੇ ਲੋਕੀ ਮਰ ਗਏ**
**ਕਰਨ ਬਲੈਕ ਤੇ ਪੀਣ ਸ਼ਰਾਬਾਂ, ਮਾਰਨ ਸਾਨੂੰ ਨਾਲ ਅਜ਼ਾਬਾਂ**




**ਤਖਤਾਂ ਵਾਲੇ ਤਾਜਾਂ ਵਾਲੇ, ਏਸ ਮੁਲਕ ਦੀਆਂ ਲਾਜਾਂ ਵਾਲੇ**
**ਢਿੱਲ ਨਾ ਲਾਓ, ਕਰਮ ਕਮਾਓ, ਕੋਠੀਆਂ ਵਿੱਚੋਂ ਕਣਕ ਕਢਾਓ**
**ਚਾਰ ਚੁਫੇਰੇ ਵਿੱਚ ਪੰਜਾਬੇ, ਪੈ ਗਈ ਹਾਹਾਕਾਰ**
**ਆਟਾ ਨਹੀਂ ਮਿਲਦਾ, ਨਹੀਂ ਮਿਲਦਾ ਸਰਕਾਰ**
**ਆਟਾ ਨਹੀਂ ਮਿਲਦਾ**

ਮੁਸਲਿਮ ਲੀਗ ਦੇ ਨੇਤਾ 'ਮੀਆਂ ਮੁਮਤਾਜ ਦੌਲਤਾਨਾ' ਜੋ ਪੱਛਮੀ ਪੰਜਾਬ ਦੇ ਦੂਸਰੇ ਮੁਖ ਮੰਤਰੀ ਚੁਣੇ ਗਏ ਸਨ। ਉਹਨਾਂ ਦਾ ਦਫਤਰ ਮਾਲ ਰੋਡ ਲਾਗੇ ਲਕਸ਼ਮੀ ਬਿਲਡਿੰਗ ਵਿੱਚ ਹੁੰਦਾ ਸੀ। ਜਦੋਂ ਉਹ ਆਪਣੇ ਘਰ ਤੋਂ ਦਫ਼ਤਰ ਤੱਕ ਆਉਂਦੇ ਤਾਂ ਸੁਰੱਖਿਆ ਦਸਤੇ ਸਾਰੀਆਂ ਸੜਕਾਂ ਤੇ ਟਰੈਫਿਕ ਰੋਕ ਦਿੰਦੇ ਜਿਸ ਨਾਲ ਜਨ ਜੀਵਨ ਰੁਕ ਜਾਂਦਾ। ਲੋਕਾਂ ਨੂੰ ਭਾਰੀ ਦਿੱਕਤ ਦਾ ਸਾਹਮਣਾ ਕਰਨਾ ਪੈਂਦਾ। ਬਾਬਾ ਆਲਮ ਸਿਆਹ ਪੋਸ਼ ਨੂੰ ਇਹ ਵਰਤਾਰਾ ਬਹੁਤ ਰੜਕਿਆ। ਸ਼ਾਇਰ ਦੇ ਮਨ ਨੇ ਜੋ ਵਾਚਿਆ ਕਵਿਤਾ ਦੇ ਰੂਪ ਵਿੱਚ ਲਿਖ ਦਿੱਤਾ। ਅਗਲੇ ਦਿਨ ਇਹ ਕਵਿਤਾ ਲਾਹੌਰ ਦੇ ਪ੍ਰਸਿੱਧ ਅਖਬਾਰ 'ਨਵਾਏ ਵਕਤ' ਵਿੱਚ ਛਪ ਗਈ। ਇਸ ਕਵਿਤਾ ਦਾ ਸਿਰਲੇਖ ਸੀ 'ਅੱਗ'। ਉਸ ਦਿਨ ਚਪੜਾਸੀ ਤੋਂ ਲੈਕੇ ਹਰ ਉੱਚ ਅਧਿਕਾਰੀ ਦੇ ਹੱਥ ਵਿੱਚ ਅਖ਼ਬਾਰ ਸੀ ਤੇ ਹਰ ਵਿਅਕਤੀ ਸਿਆਹਪੋਸ਼ ਦੀ ਕਵਿਤਾ ਹੀ ਪੜ੍ਹ ਰਿਹਾ ਸੀ।ਪਾਠਕਾਂ ਦੀ ਦਿਲਚਸਪੀ ਲਈ ਉਸ ਕਵਿਤਾ ਦੇ ਕੁੱਝ ਅੰਸ਼ ਪੇਸ਼ ਹਨ।

**ਅਸਾਂ ਵੇਖ ਲਿਆ ਘਰ ਤੇਰਾ ਨੀ**
**ਤੇਰਾ ਲਕਸ਼ਮੀ ਬਿਲਡਿੰਗ ਡੇਰਾ ਨੀ**
**ਮੈਕਲੋਡ ਰੋਡ ਤੇ ਰਹਿਣੀ ਏਂ**
**ਤੇ ਮਾਲ ਰੋਡ ਨਾਲ ਖਹਿਣੀ ਏਂ**
**ਸਾਨੂੰ ਆਂਡੇ ਟੱਡ ਟੱਡ ਪੈਣੀ ਏਂ**
**ਅਸੀਂ ਕੀ ਵਿਗਾੜਿਆ ਤੇਰਾ ਨੀ**
**ਤੇਰਾ ਲਕਸ਼ਮੀ ਬਿਲਡਿੰਗ ਡੇਰਾ ਨੀ**
**ਤੇਰੇ ਘਰ ਵਿੱਚ ਬੰਡਲ ਨੋਟਾਂ ਦੇ**
**ਤੇਰੇ ਹੱਥ ਵਿੱਚ ਬਕਸੇ ਵੋਟਾਂ ਦੇ**
**ਅਸੀਂ ਮਾਰੇ ਹੋਏ ਆਂ ਤੋਟਾਂ ਦੇ**
**ਛਡਦੇ ਝਗੜਾ ਝੇੜਾ ਨੀ।**
**ਤੇਰਾ ਲਕਸ਼ਮੀ ਬਿਲਡਿੰਗ ਡੇਰਾ ਨੀ**
**ਤੇਰੇ ਯਾਰਾਂ ਦੇ ਹੱਥ ਫੰਦੇ ਨੀ**
**ਤੇਰੇ ਨੌਕਰਾਂ ਦੇ ਹੱਥ ਡੰਡੇ ਨੀ**
**ਲੈ ਬੁੱਕਲ ਫਾਹ ਲਏ ਬੰਦੇ ਨੀ**
**ਤੈਨੂੰ ਰੋਕਣ ਵਾਲਾ ਕਿਹੜਾ ਨੀ**
**ਤੇਰਾ ਲਕਸ਼ਮੀ ਬਿਲਡਿੰਗ ਡੇਰਾ ਨੀ**

1955 ਵਿੱਚ ਪੰਜਾਬ ਦੇ ਮੁੱਖ ਮੰਤਰੀ ਬਣੇ ਫਿਰੋਜ਼ ਖਾਨ ਨੂਨ ਨੂੰ ਮੁਖ਼ਾਤਿਬ ਹੋਕੇ ਬਾਬਾ ਜੀ ਲਿਖਦੇ ਹਨ। ਚੇਤੇ ਰਹੇ ਕਿ 1957 ਵਿੱਚ ਫਿਰੋਜ਼ ਖਾਨ ਨੂਨ ਪਾਕਿਸਤਾਨ ਦੇ ਸੱਤਵੇਂ ਪ੍ਰਧਾਨ ਮੰਤਰੀ ਵੀ ਰਹੇ। ਸਮੇਂ ਦੇ ਹਾਕਮਾਂ ਨਾਲ ਆਪਣੀ ਕਲਮ ਰਾਹੀਂ ਟੱਕਰ ਲੈਣ ਦਾ ਹੌਂਸਲਾ ਆਲਮ ਸਿਆਹਪੋਸ਼ ਜਿਹੇ ਫ਼ਕੀਰ ਕਵੀਆਂ ਦਾ ਹੀ ਹੋ ਸਕਦਾ ਹੈ। ਇਸ ਕਵਿਤਾ ਦਾ ਨਾਮ ਹੈ

**ਮੈਂ ਤੇ ਕੜਾਕੇ ਮੇਰੇ ਵਾਲੀਆ ਪੰਜਾਬ ਦਿਆ**
**ਤੇਰਾ ਮੇਰਾ ਮੇਲ ਕੀ**
**ਤੇਰੇ ਵੱਲ ਸਾਰੇ ਰੰਗ, ਤੇ ਮੈਂ ਰੰਗੋਂ ਬਦਰੰਗ**
**ਦੱਸ ਹੁਕਮ ਦਿਆ ਬਾਦਸ਼ਾਹਾ,**
**ਤੇਰਾ ਮੇਰਾ ਖੇਲ੍ਹ ਕੀ**
**ਤੇਰੀ ਕੋਠੀ ਵਿੱਚ ਦਾਣੇ, ਤੇਰੇ ਕਮਲੇ ਵੀ ਸਿਆਣੇ**
**ਮੇਰੇ ਖਾਲੀ ਦੋਵੇਂ ਹੱਥ, ਮੇਰੀ ਮਾਰੀ ਹੋਈ ਮੱਤ**
**ਤੇਰੇ ਘਰ ਚਾਂਦੀ ਸੋਨਾ, ਮੇਰੇ ਘਰ ਵਿੱਚ ਰੋਣਾ**
**ਤੂੰ ਮਹਿਲਾਂ ਵਿੱਚ ਬੈਠਾ ਲਏਂ ਐਸ਼ ਤੇ ਬਹਾਰ**
**ਤੇ ਮੈਂ ਕੁੱਲੀ ਵਿੱਚ ਬੈਠਾ ਰੋਵਾਂ ਜ਼ਾਰੋ ਜਾਰ**
**ਮੇਰੇ ਬਾਲਾਂ ਤਾਈਂ ਛੱਡਦੇ ਨਾ ਖੰਘ ਤੇ ਬੁਖਾਰ**
**ਤੇ ਤੂੰ ਕੁੱਤਿਆਂ ਦੇ ਲਈ ਰੱਖੇ ਹੋਏ ਡਾਕਦਾਰ**
**ਤੇਰੇ ਆਸੇ ਪਾਸੇ ਬਹਿਣ ਵਾਲੇ ਸਾਰੇ ਅਹੁਦੇਦਾਰ**
**ਅਸੀਂ ਬੀ.ਏ. ਪਾਸ ਕਰਕੇ ਵੀ ਰਹਿਣੇ ਆਂ ਬੇਕਾਰ**
**ਤੇਰੇ ਚਾਰੇ ਪਾਸੇ ਜਿੱਤ, ਮੇਰੇ ਚਾਰੇ ਪਾਸੇ ਹਾਰ**
**ਮੇਰਾ ਰੱਬ ਵੀ ਨਾ ਵਾਲੀ, ਤੇਰੇ ਆਸਰੇ ਹਜ਼ਾਰ**
**ਤੇਰੇ ਹੱਥ ਵਿੱਚ ਅੱਜ ਸਾਡੇ ਦੇਸ਼ ਦੀ ਨੁਹਾਰ**
**ਸੱਚ ਆਖਣਾਂ ਏ ਮੈਂ ਭਾਵੇਂ ਸੂਲੀ ਉੱਤੇ ਚਾੜ੍ਹ**

ਮੁੱਖ ਮੰਤਰੀ ਫਿਰੋਜ਼ ਖਾਨ ਨੂਨ ਦੇ ਸਮੇਂ ਹੀ ਬਾਬਾ ਜੀ ਦੀ ਲਿਖੀ ਇੱਕ ਹੋਰ ਕਵਿਤਾ 'ਦੁਹਾਈ'।

**ਦੜ ਵੱਟ ਦੋਸਤਾ, ਜ਼ਮਾਨਾ ਨਹੀਂਓ ਸਕੂਨ ਦਾ**
**ਰਾਜ ਆਇਆ ਨੂਨ ਦਾ, ਰਾਜ ਆਇਆ ਨੂਨ ਦਾ**
**ਮਹਿਲਾਂ ਵਾਲੀ ਚੌਧਰਾਣੀ, ਕੁੱਲੀਆਂ ਤੇ ਥੁੱਕਦੀ**
**ਤੇ ਰੋਕਿਆਂ ਨਹੀਂ ਰੁੱਕਦੀ,**
**ਲਾਲ ਲੁਟੇਰਾ ਮੋਢਿਆਂ ਤੇ ਸੁੱਟ ਕੇ ਸ਼ਨੂਨ ਦਾ**
**ਤੇ ਭਾਅ ਪੁੱਛੇ ਖੂਨ ਦਾ,**
**ਰਾਜ ਆਇਆ ਨੂਨ ਦਾ, ਰਾਜ ਆਇਆ ਨੂਨ ਦਾ**

ਪੰਜਾਬੀ ਬੋਲੀ ਪ੍ਰਤੀ ਬਾਬਾ ਜੀ ਦਾ ਨਜ਼ਰੀਆ। ਕਵਿਤਾ ਦਾ ਨਾਮ ਹੈ

**'ਵਾਰਿਸ ਦੀ ਵਿਰਾਸਤ'।**
**ਜਿਨ੍ਹਾਂ ਮਾਂ ਪੰਜਾਬਣ ਦਾ ਦੁੱਧ ਪੀਤਾ ਏ**
**ਉਹ ਕਦੀ ਪੰਜਾਬੀ ਨਹੀਂ ਭੁੱਲ ਸਕਦੇ**
**ਜਿਹੜੇ ਹੰਝੂ ਝਨਾਂ ਵਿੱਚ ਹੈਨ ਡੁਲ੍ਹੇ**
**ਨਹੀਂ ਗੰਗਾ ਤੇ ਜਮਨਾ ਵਿੱਚ ਡੁਲ੍ਹ ਸਕਦੇ**
**ਪੰਜਾ ਪਾਣੀਆਂ ਦੇ ਆਬਦਾਰ ਮੋਤੀ**
**ਕਿਸੇ ਥਾਂ ਵੀ ਸਸਤੇ ਨਹੀਂ ਤੁੱਲ ਸਕਦੇ**
**ਵਾਰਿਸ ਸ਼ਾਹ ਦੀਆਂ ਜਿੱਥੇ ਵਿਰਾਸਤਾਂ ਨੇ**
**ਉੱਥੇ ਝੰਡੇ ਨਹੀਂ ਕਿਸੇ ਦੇ ਝੁੱਲ ਸਕਦੇ**

ਇਹ ਤਾਂ ਬਾਬਾ ਜੀ ਦੀ ਸਮਾਜਿਕ ਤੇ ਸਿਆਸੀ ਲੇਖਣੀ ਦਾ ਉਹ ਰੰਗ ਸੀ ਜਿਸ ਬਾਰੇ ਅਨਵਰ ਕਮਾਲ ਪਾਸ਼ਾ, ਸੈਫੂਦੀਨ ਸੈਫ ਅਤੇ ਸ਼ਬਾਬ ਕਰਿਆਣਵੀ ਜਿਹੇ ਦਾਨਿਸ਼ਮੰਦਾਂ ਨੇ ਆਪਣੇ ਲੇਖਾਂ ਵਿੱਚ ਜ਼ਿਕਰ ਕੀਤਾ ਹੈ। ਆਓ ਹੁਣ ਉਨ੍ਹਾਂ ਦੀ ਗੀਤਕਾਰੀ ਤੇ ਵੀ ਸਰਸਰੀ ਝਾਤ ਮਾਰੀਏ।

ਉਨ੍ਹਾਂ ਦੀ ਗੀਤਕਾਰੀ ਦਾ ਸਫਰ ਤਾਂ ਵੰਡ ਤੋਂ ਪਹਿਲਾਂ ਹੀ ਬੰਬਈ ਤੋਂ ਸ਼ੁਰੂ ਹੋ ਗਿਆ ਸੀ। ਇਹ ਵੀ ਸੁਣਨ ਵਿੱਚ ਆਇਆ ਕਿ ਲਤਾ ਮੰਗੇਸ਼ਕਰ ਉਹਨਾਂ ਦੀ ਬਹੁਤ ਇੱਜ਼ਤ ਕਰਦੀ ਸੀ, ਕਿਉਂਕਿ ਜਿਸ ਦੌਰ ਵਿੱਚ ਲਤਾ ਮੰਗੇਸ਼ਕਰ ਫਿਲਮ ਇੰਡਸਟਰੀ ਲਈ ਸੰਘਰਸ਼ ਕਰ ਰਹੀ ਸੀ, ਤਾਂ ਬਾਬਾ ਜੀ ਨੇ ਉਸ ਨੂੰ ਹੱਲਾਸ਼ੇਰੀ ਦਿੱਤੀ ਸੀ। ਦੇਸ਼ ਦੀ ਵੰਡ ਤੋਂ ਬਾਅਦ ਲਾਹੌਰ ਵਿੱਚ ਜੋ ਪਹਿਲੀ ਪੰਜਾਬੀ ਫਿਲਮ ਬਣੀ ਉਸਦਾ ਨਾਮ ਸੀ 'ਫੇਰੇ' ਜੋ ਅਨੀਸ ਪਿਕਚਰਜ਼ ਦੀ ਪੇਸ਼ਕਸ਼ ਸੀ। ਇਹ ਫਿਲਮ 28 ਅਗਸਤ 1949 ਨੂੰ (ਈਦ ਉਲ ਫਿਤਰਤ ਵਾਲੇ ਦਿਨ) ਪਾਕਿਸਤਾਨ ਦੇ ਸਿਨੇਮਾ ਘਰਾਂ ਵਿੱਚ ਪ੍ਰਦਰਸ਼ਿਤ ਕੀਤੀ ਗਈ। ਫੇਰੇ ਦਾ ਸੰਗੀਤ ਜੀ.ਏ. ਚਿਸ਼ਤੀ ਨੇ ਕੀਤਾ। ਗੀਤ ਜੀ.ਏ. ਚਿਸ਼ਤੀ ਅਤੇ ਬਾਬਾ ਆਲਮ ਸਿਆਹਪੋਸ ਨੇ ਲਿਖੇ। ਡਾਇਲਾਗ ਵੀ ਬਾਬਾ ਆਲਮ ਸਿਆਹਪੋਸ ਨੇ ਹੀ ਲਿਖੇ। ਫਿਲਮ ਸੁਪਰ ਡੁਪਰ ਹਿੱਟ ਹੋਈ। ਇਸ ਤੋਂ ਬਾਅਦ ਨਿਰਮਾਤਾ ਨਿਰਦੇਸ਼ਕ ਨਜ਼ੀਰ ਨੇ 1953 ਵਿੱਚ 'ਤਸਵੀਰ ਮਹਿਲ ਪਿਕਚਰਜ਼' ਕੰਪਨੀ ਦੇ ਬੈਨਰ ਹੇਠ ਫਿਲਮ 'ਸ਼ਹਿਰੀ ਬਾਬੂ' ਬਣਾਈ। ਜਿਸ ਦਾ ਸੰਗੀਤ ਰਸ਼ੀਦ ਅਤਰੇ ਨੇ ਕੀਤਾ। ਕਹਾਣੀ ਬਾਬਾ ਆਲਮ ਸਿਆਹਪੋਸ਼ ਨੇਲਿਖੀ। 13 ਜੂਨ 1953 ਨੂੰ ਇਹ ਫਿਲਮ ਪ੍ਰਦਰਸ਼ਿਤ ਕੀਤੀ ਗਈ। ਇਸ ਵਿੱਚੋਂ ਬਾਬਾ ਆਲਮ ਸਿਆਹਪੋਸ਼ ਦਾ ਲਿਖਿਆ, ਗੀਤ 'ਨਾਮ ਜਪੋ, ਮੌਲਾ ਨਾਮ, ਭਾਗਾਂ ਵਾਲਿਓ ਨਾਮ ਜਪੋ, ਮੌਲਾ ਨਾਮ' ਬੱਚੇ ਬੱਚੇ ਦੀ ਜ਼ੁਬਾਨ ਤੇ ਚੜ੍ਹ ਗਿਆ ਤੇ ਇਸ ਗੀਤ ਦੀ ਪ੍ਰਸਿੱਧੀ ਅੱਜ ਤੱਕ ਬਰਕਰਾਰ ਹੈ। ਗੀਤ ਨੂੰ ਆਵਾਜ਼ ਇਨਾਇਤ ਹੁਸੈਨ ਭੱਟੀ ਨੇ ਦਿੱਤੀ ਸੀ। ਗੀਤ ਇਸ ਤਰ੍ਹਾਂ ਹੈ।

**ਭਾਗਾਂ ਵਾਲਿਓ ਨਾਮ ਜਪੋ ਮੌਲਾ ਨਾਮ**
**ਬੰਦਾ ਮਕਰੀ, ਤੋਲੇ ਤਕੜੀ, ਹੱਥ ਵਿੱਚ ਲੱਕੜੀ**
**ਜਪਦਾ ਜਾਵੇ, ਮੌਲਾ ਨਾਮ**
**ਭਾਗਾਂ ਵਾਲਿਓ ਨਾਮ ਜਪੋ ਮੌਲਾ ਨਾਮ**

facebook

## ਫੇਸਬੁੱਕ ਪਰਿਵਾਰ ਦੀਆਂ ਗੱਲਬਾਤਾਂ

# ਘਰਾਂ 'ਚੋਂ ਨਦੀਦ ਹੋ ਰਿਹਾ ਕਾੜ੍ਹਨੀ ਦਾ ਦੁੱਧ



ਸਾਲ ਕੁ ਪਹਿਲਾਂ ਇੱਕ ਲਿਖਤ ਦੇ ਮੰਤਵ ਲਈ, ਜਦ ਹਾਰੇ ਚ ਪਈ ਤੌੜੀ (ਕਾੜ੍ਹਣੀ) ਦੇ ਦੁੱਧ ਦੀ ਫੋਟੋ ਖਿੱਚਣ ਲੱਗਾ ਤਾਂ ਝੱਟ ਮਾਂ ਨੇ ਟੋਕ ਦਿੱਤਾ, ਵੇ ਰਹਿਣ ਦੇ ! ਫੋਟੋ ਨੈੱਟ ਤੇ ਨਾ ਪਾ ਦੇਈਂ, ਪਸ਼ੂਆਂ ਨੂੰ ਨਜ਼ਰ ਲਵਾਏਂਗਾ। ਨਜ਼ਰ ਨੂੰ ਮੰਨਣਾ ਨਾ ਮੰਨਣਾ ਤੁਹਾਡੀਆਂ ਮਾਨਤਾਵਾਂ ਤੇ ਨਿਰਭਰ ਹੈ ਪਰ ਸਿਆਣਿਆਂ ਦੇ ਜੋ ਤੱਤ ਕੱਢੇ ਹੁੰਦੇ ਨੇ ਉਹ ਵੀ ਐਂਵੇਂ ਨੀ ਹੁੰਦੇ। ਮਾਣਕ ਸਾਹਿਬ ਦੇ ਗਾਏ ਲੋਕ ਤੱਥ ਦੀਆਂ ਸਤਰਾਂ ਯਾਦ ਆ ਗਈਆਂ।

**ਭੋਜਨ ਤੇ ਭਜਨ, ਖ਼ਜਾਨਾ ਪਰਦੇ ਬਿਨ ਰੱਖੀਏ ਨਾ**
**ਆਪਣੀ ਗੱਲ ਕਹਿ ਕੇ ਕਹਿੰਦੇ ਆਪੇ ਹੀ ਹੱਸੀਏ ਨਾ**
**ਬੂਹੇ ਤੇ ਅੱਕ ਸਿਆਣੇ ਕਹਿੰਦੇ ਕਦੇ ਲਾਈਏ ਨਾ**
**ਪੁੱਤਰ ਦੀ ਕਸਮ ਵੀ ਲੱਖਾਂ ਤੇ ਖਾਈਏ ਨਾ**

ਖੈਰ ! ਗੱਲ ਕਾੜ੍ਹਨੀ ਦੇ ਦੁੱਧ ਦੀ ਚੱਲਦੀ ਸੀ। ਅੱਜ ਕੱਲ੍ਹ ਇਹ ਨਿਆਮਤ ਪੇਂਡੂ ਕਿਸਾਨੀ ਵਾਲੇ ਘਰਾਂ ਚੋਂ ਨਦੀਦ ਹੁੰਦੀ ਜਾ ਰਹੀ ਹੈ। ਮੱਝਾਂ ਘੱਟ ਰੱਖਣ ਦੀ ਪ੍ਰਵਿਰਤੀ, ਹਾਰੇ ਚ ਵਰਤੇ ਜਾਣ ਵਾਲੇ ਗੋਹੇ ਬਾਲਣ ਦਾ ਨਾ ਹੋਣਾ। ਨਰਮਿਆਂ ਦੀ ਖੇਤੀ ਵੇਲੇ ਸਿਆਲੋ ਸਿਆਲ ਸਿੱਕਰੀਆਂ ਦਾ ਬਾਲਣ ਆਮੋ ਆਮ ਰਹਿੰਦਾ ਸੀ। ਸਭ ਤੋਂ ਵੱਡੀ ਗੱਲ ਕਿ ਖਾਣ ਪੀਣ ਦਾ ਸਮਾਨ ਘਰ ਤਿਆਰ ਕਰਨ ਦੀ ਥਾਂ ਮੁੱਲ ਖਰੀਦਣ ਦੀ ਸੌਖਿਆਈ। ਕੋਈ ਸਮਾਂ ਸੀ ਜਦ ਪੇਂਡੂ ਕਿਸਾਨ ਲੋਕ ਹਰ ਚੀਜ਼ ਦੀ ਮੁੱਲ ਲਈ ਬਜਾਰ ਤੇ ਸਹਿਰੀਆਂ ਵਾਂਗੂੰ ਨਿਰਭਰ ਨਹੀਂ ਸੀ ਜਿਵੇਂ ਅੱਜ ਹਨ।

ਕਾੜ੍ਹਨੀ ਚ ਦੁੱਧ ਦੁਪਹਿਰ ਢਲਦਿਆਂ ਹੀ ਧਰ ਦਿੱਤਾ ਜਾਂਦਾ ਜੋ ਚਾਰ ਪੰਜ ਘੰਟਿਆਂ ਚ ਕੜ੍ਹ ਕੇ ਚਿੱਟੇ ਤੋਂ ਭੂਰੇ ਰੰਗ ਦਾ ਹੋ ਜਾਂਦਾ, ਉੱਪਰ ਮਲਾਈ ਆ ਜਾਂਦੀ। ਆਥਣ ਵੇਲੇ ਜੇਕਰ ਘਰ ਕੋਈ ਮਹਿਮਾਨ ਜਾਂ ਪਿੰਡ ਚੋਂ ਹੀ ਕੋਈ ਆ ਜਾਂਦਾ ਤਾਂ ਉਦੋਂ ਚਾਹ ਧਰਨ ਦਾ ਰਿਵਾਜ਼ ਨਹੀਂ, ਦੁੱਧ ਹੀ ਲਾਹ ਲਿਆ ਜਾਂਦਾ। ਕਾੜ੍ਹਨੀ ਦਾ ਦੁੱਧ ਬੇਸ਼ੱਕ ਆਪ ਨਾਲੋਂ ਪਤਲਾ ਹੁੰਦਾ ਪਰ ਉਸ ਦਾ ਸਵਾਦ ਇੱਕ ਵੱਖਰਾ ਹੀ ਹੁੰਦਾ, ਉਪਰ ਘਿਓ ਦਾ ਤਿਰਮਰਾ। ਮੇਰੀ ਦਾਦੀ ਜਿਨ੍ਹਾਂ ਚਿਰ ਜਿਉਂਦੀ ਰਹੀ ਉਸ ਨੇ ਆਥਣੇ ਤੌੜੀ ਦੇ ਦੁੱਧ ਦਾ ਜੱਗ ਭਰ ਲੈਣਾ, ਆਪ ਪੀਣਾ ਤੇ ਸਾਨੂੰ ਪਿਆਉਣਾ। ਸਿਆਲ ਚ ਜਦ ਮੇਥਿਆਂ ਵਾਲੀ ਪੰਜੀਰੀ ਦੀਆਂ ਕੌਲੀਆਂ ਭਰ ਕੇ ਦੇਣੀਆਂ ਤਾਂ ਨਜ਼ਾਰਾ ਹੀ ਆ ਜਾਣਾ, ਸ਼ਾਇਦ ਦੁਨੀਆਂ ਦੀ ਕੋਈ ਖੁਰਾਕ ਇਸ ਦਾ ਤੋੜ ਨਹੀਂ ਸੀ।

ਸਾਡੀਆਂ ਵਿਰਾਸਤੀ ਖੁਰਾਕਾਂ ਸਾਡੀ ਤਰੱਕੀ ਥੱਲੇ ਰੁਲ ਗਈਆਂ। ਅਸੀਂ ਵੱਡੀਆਂ ਕਾਰਾਂ, ਕੋਠੀਆਂ ਵਾਲੇ ਅਤੇ ਸੁਖ ਸਹੂਲਤਾਂ ਵਾਲੇ ਹੋ ਗਏ ਪਰ ਜੋ ਪਿੱਛੇ ਗਵਾ ਆਏ ਹਾਂ ਉਹ ਕਿਸੇ ਦੇ ਚੇਤੇ ਨਹੀਂ। ਹੁਣ ਕੋਈ ਮਹਿਮਾਨ ਆਇਆ ਤਾਂ ਭੱਜ ਲਓ ਮਠਿਆਈਆਂ ਦੀ ਦੁਕਾਨ ਨੂੰ। ਕੋਕ, ਸੋਢੇ, ਪੈਕਟ ਬੰਦ ਭੁਜੀਏ, ਨਕਲੀ ਖੋਏ ਦੀਆਂ ਮਠਿਆਈਆਂ।

ਸਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਭਾਵ ਬੱਚੇ ਤਾਂ ਦੁੱਧ ਅਤੇ ਫ਼ਲ ਖਾਕੇ ਹੀ ਰਾਜੀ ਨਹੀਂ। ਬਚਪਨ ਚ ਹੀ ਲੇਜ, ਕੁਰਕਰੇ, ਪੇਸਟਰੀਆਂ, ਚਾਕਲੇਟ, ਨੂਡਲਜ਼, ਕੋਕ, ਪੀਜੇ, ਬਰਗਰ, ਮੋਮੋਜ ਆਦਿ ਤੇ ਗਿੱਝ ਜਾਂਦੇ ਆ, ਇਸੇ ਕਰਕੇ ਤਹਾਨੂੰ ਜਿਆਦਾ ਤਰ ਬੱਚੇ ਕੁਪੋਸ਼ਣ ਦਾ ਸ਼ਿਕਾਰ ਹੀ ਮਿਲਦੇ ਨੇ, ਪਹਿਲਾਂ ਵਾਂਗੂੰ ਮੁਗਦਰ ਵਰਗੇ ਪੇਂਡੂ ਬੱਚੇ ਘੱਟ ਹੀ ਨਜ਼ਰ ਪੈਂਦੇ ਨੇ। ਜਿੱਥੇ ਇਹ ਕੰਪਨੀਆਂ ਸਵਾਦ ਵਧਾਉਣ ਲਈ ਇਸ ਚ ਖਤਰਨਾਕ ਰਸਾਇਣ ਵਰਤਦੀਆਂ ਹਨ, ਉੱਥੇ ਹਲਵਾਈ ਦੀਆਂ ਦੁਕਾਨਾਂ ਅਤੇ ਰੇਹੜੀਆਂ ਆਲੇ ਮੁਨਾਫੇ ਲਈ ਘਟੀਆ ਸਮਾਨ ਵਰਤਦੇ ਹਨ।ਸਾਨੂੰ ਮੁੜ ਆਪਣੀਆਂ ਵਿਰਾਸਤੀ ਖੁਰਾਕਾਂ ਵੱਲ ਝਾਤ ਮਾਰਨ ਦੀ ਜਰੂਰਤ ਹੈ, ਜਿਨ੍ਹਾਂ ਚ ਕਾੜ੍ਹਨੀ ਦਾ ਦੁੱਧ ਵੀ ਇੱਕ ਹੈ। ਫ਼ਖਰ ਇਸ ਗੱਲ ਚ ਨਹੀਂ ਕਿ ਅਸੀਂ ਕਿਨੀ ਵੱਡੀ ਗੱਡੀ ਚ ਚੜ੍ਹਦੇ ਹਾਂ, ਫ਼ਖਰ ਇਸ ਗੱਲ ਚ ਨਹੀਂ ਕਿ ਸਾਡੀ ਕੋਠੀ ਕਿਨੀ ਵੱਡੀ ਤੇ ਆਲੀਸ਼ਾਨ ਹੈ, ਫ਼ਖਰ ਇਸ ਗੱਲ ਚ ਹੈ ਕਿ ਅਸੀਂ ਖਾਂਦੇ ਕੀ ਹਾਂ। ਸਹਿਰਾਂ ਵਾਲਿਆਂ ਦੀ ਚਲੋ ਮਜਬੂਰੀ, ਪਰ ਪੇਂਡੂ, ਖਾਸਕਰ ਜਮੀਨਾਂ ਵਾਲੇ ਇਹ ਖੁਰਾਕਾਂ ਤੋਂ ਬਾਝੇਂ ਕਿਉਂ। ਮੰਨਿਆ ਕਿ ਜਮਾਨਾ ਤੇਜੀ ਨਾਲ ਦੌੜ ਰਿਹਾ ਹੈ, ਪਰ ਇਸ ਦੌੜ ਚੋਂ ਕਦੇ ਥੋੜ੍ਹਾ ਪਾਸੇ ਹਟ ਕੇ ਵੀ ਵੇਖੀਏ। ਫਿਰ ਜਾ ਅਨੰਦ ਆਏਗਾ, ਉਹ ਦੌੜਣ ਚ ਨਹੀਂ।ਸੱਚ ਇੱਕ ਗੱਲ ਹੋਰ ! ਅਸੀਂ ਬਹੁਤ ਚੀਜ਼ਾਂ ਘਰੋਂ ਬਾਹਰ ਕੱਢ ਕੇ ਹਵੇਲੀ ਢਾਬਿਆਂ 'ਤੇ ਸ਼ੱਕਰ ਦੀਆਂ ਚਾਹਾਂ ਭਾਲਦੇ ਹਾਂ। ਵਿਆਹਾਂ ਚ ਪੰਜਾਬੀ ਢਾਬਿਆਂ ਦੇ ਨਾਮ ਤੇ ਸਾਗ ਮੱਕੀ ਦੀ ਰੋਟੀ, ਸ਼ੱਕਰ ਘਿਓ, ਕਾੜ੍ਹਨੀ ਦਾ ਦੁੱਧ ਬਗੈਰਾ ਲੈਣ ਵਾਲਿਆਂ ਦੀ ਦੌੜ 'ਚ ਖੜ੍ਹੇ ਹੁੰਦੇ ਹਾਂ ਪਰ ਫਿਰ ਘਰਾਂ ਚ ਰੋਜ਼ਾਨਾ ਵਰਤੋਂ ਤੋਂ ਕਿਨਾਰਾ ਕਿਉਂ ?

(ਮੁਖਤਿਆਰ ਪੱਖੋ ਦੀ ਫੇਸਬੁੱਕ ਉਪਰੋਂ ਪੰਜਾਬੀ ਅਖ਼ਬਾਰ ਦੇ ਪਾਠਕਾਂ ਲਈ)




# ਦੁਨੀਆਂ ਦੀ ਸਭ ਤੋਂ ਸੋਹਣੀ ਸੜਕ ਘਰ ਨੂੰ ਜਾਂਦੀ ਹੈ

**ਦੁਨੀਆਂ ਦੀ ਸਭ ਤੋਂ ਸੋਹਣੀ ਸੜਕ ਘਰ ਨੂੰ ਜਾਂਦੀ ਹੈ**
**ਸਫ਼ਰ ਅੰਦਰ ਮੁਸਾਫ਼ਿਰ ਦੇ ਕਈ ਡਰ ਨਾਲ਼ ਹੁੰਦੇ ਨੇ**
**ਘਰਾਂ ਤੋਂ ਦੂਰ ਹੋ ਕੇ ਵੀ ਸਦਾ ਘਰ ਨਾਲ਼ ਹੁੰਦੇ ਨੇ।**
**(ਬ. ਚੌਹਾਨ)**

ਬਹੁਤੇ ਲੋਕਾਂ ਲਈ ਘਰ ਦਾ ਅਰਥ ਇੱਟਾਂ ਵੱਟਿਆਂ ਜਾਂ ਗਾਰੇ ਸੀਮਿੰਟ ਨਾਲ਼ ਉਸਾਰੀ ਗਈ ਇੱਕ ਅਜਿਹੀ ਇਮਾਰਤ ਹੁੰਦੀ ਹੈ ਜਿਸ ਵਿੱਚ ਸੌਣ ਜਾਂ ਜਾਗਣ ਲਈ ਵੱਖਰੇ, ਖਾਣ ਜਾਂ ਨਹਾਉਣ ਲਈ ਸਹੂਲਤ ਹੁੰਦੀ ਹੈ। ਪਰ ਇਨ੍ਹਾਂ ਲੋੜਾਂ-ਥੋੜਾਂ ਤੋਂ ਬਿਨਾ ਘਰ ਵਿੱਚ ਹੋਰ ਕਈ ਕੁੱਝ ਅਜਿਹਾ ਵੀ ਹੁੰਦਾ ਹੈ ਜੋ ਹਰ ਅੱਖ ਨੂੰ ਨਹੀਂ ਦਿਸਦਾ। ਇੱਕ ਅਣਦਿਸਦਾ ਸੰਸਾਰ ਜੋ ਹਰ ਘਰ ਅੰਦਰ ਹਾਜ਼ਰੀ ਭਰਦਾ ਹੈ। ਸਾਡੇ ਸੁਪਨੇ, ਯਾਦਾਂ, ਬੱਚਿਆਂ ਦੀਆਂ ਆਲ਼ੀਆਂ ਭੋਲ਼ੀਆਂ ਤੋਤਲੀਆਂ ਜ਼ਬਾਨਾਂ ਦਾ ਚਸ਼ਮਦੀਦ ਗਵਾਹ ਹੁੰਦਾ ਹੈ। ਸਾਡਾ ਘਰ ਸਾਡੀਆਂ ਖ਼ਾਮੋਸ਼ ਰੀਝਾਂ, ਲਾਲਸਾਵਾਂ ਅਤੇ ਇੱਛਾਵਾਂ, ਸਾਡੇ ਹੰਝੂ, ਹਉਕੇ, ਹਾਸੇ ਅਤੇ ਸਿਸਕੀਆਂ, ਸਾਡੀਆਂ ਵਰਤਮਾਨ ਸਕੀਮਾਂ ਅਤੇ ਭਵਿੱਖੀ ਸੁਪਨੇ ਸਭ ਘਰ ਦੀਆਂ ਕੰਧਾਂ ਅੰਦਰ ਹੀ ਪਲਰਦੇ ਹਨ। ਇਸ ਸਾਲ ਪੰਜਾਬ ਵਿੱਚ ਆਏ ਹੜ੍ਹਾਂ ਨਾਲ਼ ਕਈ ਲੋਕ ਘਰੋਂ ਬੇਘਰ ਹੋਏ ਵੇਖ ਕੇ ਉਨ੍ਹਾਂ ਲੋਕਾਂ ਦੀ ਉਮਰ ਭਰ ਦੀ ਮਿਹਨਤ, ਕਮਾਈ ਫਸਲ ਨਹੀਂ ਹੀ ਵੇਖ ਕੇ ਹੌਲ ਜਿਹਾ ਪੈਂਦਾ ਹੈ। ਛੋਟੇ ਹੁੰਦਿਆਂ ਪੜ੍ਹਿਆ ਸੀ, "ਬੰਦਾ ਜੋੜੇ ਪਲ਼ੀ ਪਲ਼ੀ, ਰਾਮ ਰੁੜ੍ਹਾਏ ਕੁੱਪਾ"। ਆਮ ਲੋਕ ਇਸ ਨੂੰ ਸਿੱਕਿਆਂ ਨਾਲ਼ ਤੋਲਦੇ ਵੇਖ ਕੇ ਅਨੁਮਾਨ ਲਾ ਲੈਂਦੇ ਹਨ ਕਿ ਹੋਨਾਂ ਵੱਲੋਂ ਦਿੱਤੇ ਤਿਲ਼-ਫੁੱਲ ਨਾਲ਼ ਘਰ ਫੇਰ ਵੀ ਉਸਰ ਜਾਣਗੇ। ਰੱਬ ਕਰੇ ਘਰਾਂ ਦਾ ਇਹ ਚੌਖੱਟਾ ਪਹਿਲਾਂ ਨਾਲ਼ੋਂ ਵੀ ਵਧੀਆ ਉਸਰ ਜਾਵੇ। ਪਰ ਲੋਕਾਂ ਦੇ ਕਮਾਏ ਪਲ, ਪਾਲ਼ੇ ਹੋਏ ਪਸ਼ੂ ਅਤੇ ਬੀਜੀ ਹੋਈ ਫ਼ਸਲ ਪਲਾਂ ਵਿੱਚ ਹੀ ਤਬਾਹ ਹੁੰਦੀ ਜਰਨਾ ਔਖਾ ਹੈ। ਇਸ ਤੋਂ ਬਿਨਾ ਲੋਕਾਂ ਦੀਆਂ ਪਾਲ਼ੀਆਂ ਯਾਦਾਂ, ਐਲਬਮਾਂ, ਫੋਟੋਆਂ, ਪਾਸਪੋਰਟ, ਸਰਟੀਫੀਕੇਟ, ਫ਼ਰਨੀਚਰ, ਸੁਗਾਤਾਂ ਸਭ ਤੋਂ ਵਿਰਵੇ ਹੋ ਕੇ ਬੈਠ ਜਾਣਾ ਵੀ ਅੰਦਰੋਂ ਇੱਕ ਖਲੇਪੜ ਲਾਹ ਧਰਦਾ ਹੈ। ਕਈ ਲੋਕ ਘਰਾਂ ਨਾਲ਼ ਨਫ਼ਾ ਨੁਕਸਾਨ ਜਿਹੀ ਇਬਾਰਤ ਜੋੜ ਕੇ ਵਾਰ-ਵਾਰ ਘਰ ਬਦਲਦੇ ਵੇਖੇ ਹਨ। ਪ ਘਰ ਦਾ ਆਲ਼ਾ-ਦੁਆਲ਼ਾ, ਰਸਤੇ, ਗਵਾਂਢੀ, ਕਈ ਸਾਥ, ਰੁੱਖ ਆਦਿ ਕਿਸੇ ਵਸੇਬੇ ਦੀ ਗਵਾਹੀ ਬਣੇ ਯਾਦਾਂ ਵਿੱਚ ਟਿਕ ਜਾਂਦੇ ਹਨ। ਪੇਕੇ ਚੁੱਲ੍ਹੇ ਦੀ ਯਾਦ ਹਰ ਧੀ ਨੂੰ ਮੱਠਾ-ਮੱਠਾ ਨਿੱਘ ਉਮਰ ਭਰ ਦਿੰਦੀ ਹੀ ਰਹਿੰਦੀ ਹੈ।

ਘਰ ਦੇ ਬੂਹੇ, ਬਾਰੀਆਂ, ਆਲ਼ੇ, ਕੰਧੋਲ਼ੀਆਂ, ਝਰੋਖੇ, ਰੌਸ਼ਨਦਾਨ, ਮਘੋਰੇ ਸਭ ਪੁਰਾਣੇ ਘਰਾਂ ਦੇ ਨੈਣ-ਨਕਸ਼ ਹੋਇਆ ਕਰਦੇ ਸਨ। ਸਾਡੇ ਕੋਲ਼ ਸ਼ਤੀਰੀਆਂ, ਬਾਲੇ, ਕੜੀਆਂ ਜਾਂ ਲਟੈਣਾਂ ਵਾਲ਼ੀਆਂ ਯਾਦਾਂ ਸਾਂਭੀਆਂ ਹਨ, ਜਿੰਨ੍ਹਾਂ ਦੀਆਂ ਝੀਥਾਂ ਵਿੱਚ ਚਿੜੀ ਜਨੌਰ ਆਲ੍ਹਣਾ ਪਾ ਲੈਂਦੇ ਸਨ। ਪਰ ਘਰ ਅਤੇ ਮਕਾਨ ਵਿੱਚ ਵੀ ਅੰਤਰ ਵੇਖਿਆ ਜਾ ਸਕਦਾ ਹੈ। ਕਵਿੰਦਰ ਚਾਂਦ ਦੇ ਇਹ ਸ਼ਬਦ ਗੌਲਣਯੋਗ ਹਨ -

**ਮੈਂ ਆਪੇ ਸਮਝ ਲਾਂ ਗਾ ਪੈਰ ਆਪਣਾ ਧਰਦਿਆਂ ਅੰਦਰ**
**ਬੜਾ ਹੀ ਫ਼ਰਕ ਹੁੰਦਾ ਹੈ ਮਕਾਨਾਂ ਤੇ ਘਰਾਂ ਅੰਦਰ।**

ਘਰ ਨਾਲ਼ ਸਾਡੀ ਭਾਵੁਕਤਾ ਜੁੜੀ ਹੁੰਦੀ ਹੈ। ਉੱਥੇ ਸਾਨੂੰ ਸੌਖਾ ਸਾਹ ਆਉਂਦਾ ਹੈ। ਦੁਨੀਆਂ ਦੀ ਸਭ ਤੋਂ ਸੋਹਣੀ ਸੜਕ ਘਰ ਨੂੰ ਜਾਂਦੀ ਹੈ। ਹੱਥ ਦੀ ਲਕੀਰ ਵਰਗਾ ਘਰ ਬਹੁਤ ਘੱਟ ਲੋਕਾਂ ਨੂੰ ਮਿਲਦਾ ਹੈ। ਸਾਡੇ ਮਨ ਦੀ ਬਹੁਤੀ ਖ਼ੁਸ਼ੀ ਜਾਂ ਉਦਾਸੀ ਵੇਲ਼ੇ ਘਰ ਜਾ ਕੇ ਤ੍ਰਿਪਤੀ ਹੁੰਦੀ ਹੈ। ਕਹਾਵਤ ਹੈ - ਜੋ ਸੁੱਖ ਛੱਜੂ ਦੇ ਚੁਬਾਰੇ, ਬਲਖ ਨਾ ਬੁਖਾਰੇ। ਹੁਣ ਕੁੱਝ ਲੋਕ ਘਰਾਂ ਵਿੱਚ ਬਹੁਤ ਮਹਿੰਗਾ ਸਾਮਾਨ, ਫ਼ਰਨੀਚਰ ਅਤੇ ਕਈ ਤਰ੍ਹਾਂ ਦੀਆਂ ਵਸਤਾਂ ਬੜੇ ਸਲੀਕੇ ਅਤੇ ਪੂਰੀ ਤਰਤੀਬ ਨਾਲ਼ ਸਜਾ ਕੇ ਵੀ ਆਪਣੇ ਰਿਸ਼ਤੇ ਚੌਰਾਹੇ ਜਾ ਖਿਲਾਰਦੇ ਹਨ। ਨਾਵਲਕਾਰ ਕੁਰਅਤਲੇਨ ਹੈਦਰ ਦੇ ਨਾਵਲ ਦਾ ਇੱਕ ਪਾਤਰ ਮਾਂ ਧੀ ਦੀ ਗੱਲ ਲਿਖਦਾ ਹੈ ਕਿ ਮਾਂ ਧੀ ਨੂੰ ਤੋਰਨ ਵੇਲ਼ੇ ਸੁਹਾਗ ਗਾ ਕੇ ਆਖਦੀ ਹੈ, "ਰੱਬ ਕਰੇ ਤੂੰ ਮਹਿਲਾਂ ਵਿੱਚ ਰਹੇਂ ਪਰ ਆਪਣੇ ਵਾਸਤੇ ਇੱਕ ਕਮਰਾ ਜ਼ਰੂਰ ਰੱਖੀਂ ਜਿਸ ਵਿੱਚ ਦਿਲ ਕਰੇ ਤੋਂ ਰੋ ਸਕੇਂ, ਪਲਕਾਂ ਹੇਠ ਹੰਝੂ ਤੇ ਪੱਲੇ ਹੇਠ ਦੁੱਧ ਛੁਪਾ ਕੇ ਰੱਖੀਂ"। ਭਗਤ ਲੋਕ ਰੱਬ ਨੂੰ ਉਲਾਂਭਾ ਭੇਜਦੇ ਹਨ ਕਿ ਅਸੀਂ ਬਹੁਤ ਭਾਲ਼ ਥੱਕੇ, ਤੇਰਾ ਘਰ ਨਹੀਂ ਮਿਲਦਾ, ਜੇ ਤੇਰਾ ਘਰ ਮਿਲਦਾ ਹੈ ਤਾਂ ਤੂੰ ਘਰ ਨਹੀਂ ਮਿਲਦਾ। ਮਿੱਟੀ ਦੀਆਂ ਕੰਧਾਂ ਕਿੰਨੀਆਂ ਮਜ਼ਬੂਤ ਸੀ ਜਿੱਥੇ ਹੰਢਣਸਾਰ ਰਿਸ਼ਤੇ ਪਲ਼ਦੇ ਸਨ। ਹੁਣ ਜਦੋਂ ਤੋਂ ਸੀਮਿੰਟ ਦੀਆਂ ਪੱਕੀਆਂ ਕੰਧਾਂ ਉਸਰਨ ਲੱਗੀਆਂ ਹਨ, ਰਿਸ਼ਤੇ ਟੁੱਟਣ ਲੱਗੇ ਹਨ। ਉਹ ਲੋਕ ਬਹੁਤ ਮਹਾਨ ਹੁੰਦੇ ਹਨ ਜੋ ਭਰੇ ਘਰਾਂ ਨੂੰ ਤਿਆਗ ਕੇ ਹੋਰਨਾਂ ਲਈ ਕੁੱਝ ਤਲਾਸ਼ ਕਰਦੇ ਰਹੇ ਹਨ -

ਤੇਰੇ ਵਰਗੇ ਸੀ ਜੋ ਉਹਨਾਂ ਘਰ ਚੁਣ ਲਿਆ
ਉਹ ਸੀ ਨਾਨਕ ਤੇ ਉਸ ਨੇ ਸਫ਼ਰ ਚੁਣ ਲਿਆ।

- (ਬਰਜਿੰਦਰ ਚੁਹਾਨ)

ਗੁਰਪੁਰਬ ਤੇ ਵਿਸ਼ੇਸ਼

## ਛੇੜ ਮਰਦਾਨਿਆਂ ਰਬਾਬ..

ਤਪਦੀ ਲੋਕਾਈ ਤਾਂਈਂ ਠੰਢ ਵਰਤਾਈਏ।
ਛੇੜ ਮਰਦਾਨਿਆਂ ਰਬਾਬ ਬਾਣੀ ਆਈ ਏ।

ਜੱਗ ਦੀਆਂ ਪੀੜਾਂ ਹੁਣ ਜਾਂਦੀਆਂ ਨਾ ਥੰਮ੍ਹੀਆਂ,
ਕਰਨੀਆਂ ਪੈਣੀਆਂ ਉਦਾਸੀਆਂ ਨੇ ਲੰਮੀਆਂ।
ਰੱਬੀ ਫੁਰਮਾਨ ਜਾ ਕੇ ਲੋਕਾਂ ਨੂੰ ਸੁਣਾਈਏ
ਛੇੜ ਮਰਦਾਨਿਆਂ ਰਬਾਬ ਬਾਣੀ ਆਈ ਏ।

ਕਿਸੇ ਠਗ ਸੱਜਣਾਂ ਦਾ ਭੇਸ ਹੈ ਬਣਾ ਲਿਆ,
ਭੋਲੇ ਭਾਲੇ ਲੋਕਾਂ ਨੂੰ ਹੈ ਜਾਲ਼ 'ਚ ਫਸਾ ਲਿਆ।
ਕੌਡੇ ਜਿਹੇ ਰਾਖਸ਼ਾਂ ਨੂੰ ਸਿੱਧੇ ਰਾਹੇ ਪਾਈਏ
ਛੇੜ ਮਰਦਾਨਿਆਂ ਰਬਾਬ ਬਾਣੀ ਆਈ ਏ।

ਕਿਰਤੀ ਹਾਂ ਆਪਾਂ ਅਤੇ ਲਾਲੋ ਸਾਡਾ ਭਾਈ ਏ,
ਵੱਡਿਆਂ ਦੀ ਦੋਸਤੀ ਨਾ ਸਾਨੂੰ ਰਾਸ ਆਈ ਏ।

ਭਾਗੋ ਦਿਆਂ ਪੂੜਿਆਂ ਨੂੰ ਆਪਾਂ ਠੁਕਰਾਈਏ
ਛੇੜ ਮਰਦਾਨਿਆਂ ਰਬਾਬ ਬਾਣੀ ਆਈ ਏ।

ਕੂੜ ਦਾ ਹੀ ਚਾਰੇ ਪਾਸੇ ਚੜ੍ਹਿਆ ਗੁਬਾਰ ਹੈ,
ਪਾਪਾਂ ਵਾਲੀ ਮੈਲ਼ ਨਾਲ ਮਚੀ ਹਾਹਾਕਾਰ ਹੈ।
ਸਤਿ ਕਰਤਾਰ ਵਾਲਾ ਨਾਦ ਵਜਾਈਏ
ਛੇੜ ਮਰਦਾਨਿਆਂ ਰਬਾਬ ਬਾਣੀ ਆਈ ਏ।

ਚਾਰੇ ਹੀ ਦਿਸ਼ਾਵਾਂ ਵੱਲ ਜਾਣ ਦਾ ਸਬੱਬ ਹੈ,
ਇੱਕ ਥਾਂ ਨਹੀਂ ਰਹਿੰਦਾ ਕਣ ਕਣ ਵਿੱਚ ਰੱਬ ਹੈ।
'ਦੀਸ਼' ਜਿਹੇ ਭੁੱਲੜਾਂ ਨੂੰ ਰਸਤਾ ਦਿਖਾਈਏ
ਛੇੜ ਮਰਦਾਨਿਆਂ ਰਬਾਬ ਬਾਣੀ ਆਈ ਏ।



ਗੁਰਦੀਸ਼ ਕੌਰ
ਗਰੇਵਾਲ
403 404 1450

# ਕੈਨੇਡਾ-ਅੰਤਰਰਾਸ਼ਟਰੀ ਵਿਦਿਆਰਥੀਆਂ ਨੇ ਐਨ ਡੀ ਪੀ ਸਰਕਾਰ ਤੋਂ ਹੈਲਥ-ਕੇਅਰ ਵਾਅਦਾ ਪੂਰਾ ਕਰਨ ਲਈ ਕੀਤੀ ਮੰਗ




ਵਿਨੀਪੈਗ (ਸੁਰਿੰਦਰ ਮਾਵੀ) ਕੈਨੇਡਾ ਦੇ ਸੂਬੇ ਮੈਨੀਟੋਬਾ ਵਿੱਚ ਅੰਤਰਰਾਸ਼ਟਰੀ ਵਿਦਿਆਰਥੀਆਂ ਨੇ ਇਕੱਠੇ ਹੋ ਕੇ ਸਰਕਾਰ ਨੂੰ ਆਪਣਾ ਵਾਅਦਾ ਪੂਰਾ ਕਰਨ ਲਈ ਕਿਹਾ ਹੈ। ਉਨ੍ਹਾਂ ਦਾ ਦਾਅਵਾ ਹੈ ਕਿ New Democratic Party of Manitoba (NDP) ਨੇ ਚੋਣਾਂ ਦੌਰਾਨ ਇਹ ਵਾਅਦਾ ਕੀਤਾ ਸੀ ਕਿ ਉਹ ਵਿਦੇਸ਼ੀ ਵਿਦਿਆਰਥੀਆਂ ਲਈ ਸਰਵਜਨਕ ਹੈਲਥ-ਕੇਅਰ ਕਵਰੇਜ ਮੁੜ ਲਾਗੂ ਕਰਨਗੇ,ਜੋ ਕੇ ਪੀ ਸੀ ਸਰਕਾਰ ਨੇ 2018 ਵਿੱਚ ਬੰਦ ਕਰ ਦਿੱਤਾ ਸੀ . ਪਰ ਤਾਜ਼ਾ ਬਜਟ ਵਿੱਚ ਕੋਈ ਕਾਰਵਾਈ ਨਹੀਂ ਹੋਈ। ਵਿਦਿਆਰਥੀਆਂ ਦੇ ਅਨੁਸਾਰ, ਪ੍ਰਾਈਵੇਟ ਇੰਸ਼ੋਰੈਂਸ ਯੋਜਨਾ ਵਿੱਚ ਹਾਈ ਪ੍ਰੀਮੀਅਮ ਅਤੇ ਸੀਮਿਤ ਕਵਰੇਜ ਹੀ ਹੈ, ਜਿਸ ਦੀ ਕਾਰਨ ਨਾਲ ਉਨ੍ਹਾਂ ਨੂੰ ਵੱਡੇ ਖ਼ਰਚੇ ਚੁੱਕਣੇ ਪੈ ਰਹੇ ਹਨ। ਵਿਨੀਪੈਗ ਵਿੱਚ ਪ੍ਰੀਮੀਅਰ ਦੇ ਹਲਕੇ ਦੇ ਦਫ਼ਤਰ ਦੇ ਬਾਹਰ ਇੱਕ ਛੋਟੇ ਇਕੱਠ ਵਿੱਚ ਵਿਦਿਆਰਥੀਆਂ ਨੇ ਕਿਹਾ ਕਿ ਦੋ ਸਾਲ ਬਾਅਦ, ਉਹ ਅਜੇ ਵੀ ਸੂਬਾਈ ਸਿਹਤ ਬੀਮੇ ਲਈ ਯੋਗ ਨਹੀਂ ਹਨ।ਉਨ੍ਹਾਂ ਮੰਗ ਕੀਤੀ ਹੈ ਕਿ ਹੈਲਥ-ਕੇਅਰ ਇੱਕ ਮੂਲ ਮਨੁੱਖੀ ਹੱਕ ਹੈ, ਜੋ ਸਾਰੇ ਵਿਦਿਆਰਥੀਆਂ ਲਈ ਮੁਫ਼ਤ ਅਤੇ ਸਰਵਜਨਕ ਹੋਣਾ ਚਾਹੀਦਾ ਹੈ। ਉਨ੍ਹਾਂ ਪ੍ਰੀਮੀਅਰ ਵਾਬ ਕਿੰਨੂ ਨੂੰ ਅਪੀਲ ਕੀਤੀ ਕਿ ਉਹ ਦੋ ਸਾਲ ਪਹਿਲਾਂ ਕੀਤਾ ਵਾਅਦਾ ਪੂਰਾ ਕਰਨ। ਵਿਦਿਆਰਥੀਆਂ ਦਾ ਕਹਿਣਾ ਹੈ ਕਿ ਦੋ ਸਾਲ ਬਾਅਦ ਵੀ ਉਨ੍ਹਾਂ ਨੂੰ ਹਾਲੇ ਤੱਕ ਹੈਲਥ ਇੰਸ਼ੋਰੈਂਸ ਨਹੀਂ ਮਿਲੀ।

ਯੂਨੀਵਰਸਿਟੀ ਆਫ਼ ਵਿਨੀਪੈਗ ਸਟੂਡੈਂਟਸ' ਐਸੋਸੀਏਸ਼ਨ ਦੇ ਬਾਹਰੀ ਮਾਮਲਿਆਂ ਦੇ ਉਪ ਪ੍ਰਧਾਨ ਓਮੇਗਾ ਬੁਧਾਠੋਕੀ ਨੇ ਕਿਹਾ ਕਿ ਇਸ ਕਾਰਨ ਵਿਦਿਆਰਥੀਆਂ ਨੂੰ ਪ੍ਰਾਈਵੇਟ ਇੰਸ਼ੋਰੈਂਸ ਲਈ ਵੱਡੀਆਂ ਰਕਮਾਂ ਦੇਣੀਆਂ ਪੈਂਦੀਆਂ ਹਨ ਅਤੇ ਉਸ ਵਿੱਚ ਵੀ ਕਵਰੇਜ ਬਹੁਤ ਸੀਮਤ ਹੈ। ਉਨ੍ਹਾਂ ਨੇ ਕਿਹਾ ਕਿ ਯੂਨੀਵਰਸਿਟੀਆਂ ਅੰਤਰਰਾਸ਼ਟਰੀ ਵਿਦਿਆਰਥੀਆਂ 'ਤੇ ਬਹੁਤ ਨਿਰਭਰ ਕਰਦੀਆਂ ਹਨ, ਕਿਉਂਕਿ ... ਉਹ ਅੰਤਰਰਾਸ਼ਟਰੀ ਵਿਦਿਆਰਥੀਆਂ ਤੋਂ ਜੋ ਮਾਲੀਆ ਪੈਦਾ ਕਰਦੇ ਹਨ ਉਹ ਬਹੁਤ ਜ਼ਿਆਦਾ ਹੈ। ਉਹ ਬਹੁਤ ਸਾਰਾ ਪੈਸਾ ਕਮਾਉਂਦੇ ਹਨ, ਮੈਨੀਟੋਬਾ ਵਿਧਾਨ ਸਭਾ ਮੂਹਰੇ ਵੀ ਇੱਕ ਰੈਲੀ ਕੀਤੀ, ਜਿਸ ਵਿੱਚ ਸੂਬਾਈ ਸਰਕਾਰ ਨੂੰ ਅੰਤਰਰਾਸ਼ਟਰੀ ਵਿਦਿਆਰਥੀਆਂ ਲਈ ਸਿਹਤ ਸੰਭਾਲ ਕਵਰੇਜ ਨੂੰ ਬਹਾਲ ਕਰਨ ਦੇ ਆਪਣੇ ਮੁਹਿੰਮ ਦੇ ਵਾਅਦੇ ਨੂੰ ਪੂਰਾ ਕਰਨ ਦੀ ਅਪੀਲ ਕੀਤੀ।ਇਸ ਵਿਚ ਨੂੰ ਸੰਬੋਧਨ ਕਰ ਦਿਆਂ ਮੈਨੀਟੋਬਾ ਯੂਨੀਵਰਸਿਟੀ ਵਿੱਚ ਅੰਡਰਗ੍ਰੈਜੂਏਟ ਵਿਦਿਆਰਥੀ ਯੂਨੀਅਨ ਦੇ ਪ੍ਰਧਾਨ ਕੈਨੇਡੀਅਨ ਵਿਦਿਆਰਥੀ ਪ੍ਰਭ ਨੂਰ ਸਿੰਘ ਨੇ ਕਿਹਾ ਕਿ ਸਥਿਤੀ ਇੱਕ ਗੰਭੀਰ ਬਰਾਬਰੀ ਅਤੇ ਨਿਰਪੱਖਤਾ ਦੀ ਸਮੱਸਿਆ ਹੈ ਜੋ ਦੂਜੇ ਦੇਸ਼ਾਂ ਦੇ ਉਸ ਦੇ ਸਾਥੀਆਂ ਨੂੰ ਮੈਨੀਟੋਬਾ ਵਿੱਚ ਅਲੱਗ ਮਹਿਸੂਸ ਕਰਾਉਂਦੀ ਹੈ।ਇਹ ਅੰਤਰਰਾਸ਼ਟਰੀ ਵਿਦਿਆਰਥੀਆਂ ਲਈ ਦੋਹਰਾ ਮਾਪਦੰਡ ਕਿਉਂ ਹੈ ? ਉਸ ਨੇ ਅੱਗੇ ਕਿਹਾ, ÷ਅਸੀਂ ਇਸ ਮੁੱਦੇ @ਤੇ ਸਾਲਾਂ ਤੋਂ ਸਰਕਾਰ ਨੂੰ ਲਾਬਿੰਗ ਕਰ ਰਹੇ ਹਾਂ, ਪਰ ਸਾਨੂੰ ਅਜੇ ਤੱਕ ਕੋਈ ਠੋਸ ਸਮਾਂ ਸੀਮਾ ਨਹੀਂ ਮਿਲੀ ਹੈ ਕਿ ਸਿਹਤ ਸੰਭਾਲ ਕਵਰੇਜ ਕਦੋਂ ਬਹਾਲ ਕੀਤੀ ਜਾਏਗੀ।÷ਉਨ੍ਹਾਂ ਨੇ ਕਿਹਾ ਕਿ ਸਿਹਤ ਸੰਭਾਲ ਇੱਕ ਬੁਨਿਆਦੀ ਮਨੁੱਖੀ ਅਧਿਕਾਰ ਹੈ। ਇਹ ਅਧਿਕਾਰ ਅੰਤਰਰਾਸ਼ਟਰੀ ਵਿਦਿਆਰਥੀ ਭਾਈਚਾਰੇ ਤੱਕ ਪਹੁੰਚਣਾ ਚਾਹੀਦਾ ਹੈ, ਜਿਨ੍ਹਾਂ ਨੂੰ ਇਸ ਸਮੇਂ ਮੌਜੂਦਾ ਨਿੱਜੀ ਯੋਜਨਾ ਦੇ ਤਹਿਤ ਮਹੱਤਵਪੂਰਨ ਵਿੱਤੀ ਅਤੇ ਕਵਰੇਜ ਰੁਕਾਵਟਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ÷ਹਾਲਾਂਕਿ ਮੌਜੂਦਾ ਸੂਬਾਈ ਸਰਕਾਰ ਨੇ ਅੰਤਰਰਾਸ਼ਟਰੀ ਵਿਦਿਆਰਥੀਆਂ ਲਈ ਸਿਹਤ ਸੰਭਾਲ ਬਹਾਲ ਕਰਨ ਦਾ ਮੁਹਿੰਮ ਦਾ ਵਾਅਦਾ ਕੀਤਾ ਸੀ, ਪਰ ਅਜੇ ਤੱਕ ਕੋਈ ਕਾਰਵਾਈ ਨਹੀਂ ਕੀਤੀ ਗਈ ਹੈ।ਉਨ੍ਹਾਂ ਨੇ ਕਿਹਾ, ਅਸੀਂ ਵਿਧਾਨ ਸਭਾ ਵਿੱਚ ਲਾਬਿੰਗ ਅਤੇ ਰੈਲੀ ਕਰਨਾ ਜਾਰੀ ਰੱਖਾਂਗੇ, ਪ੍ਰਸ਼ਨ ਕਾਲਾਂ ਵਿੱਚ ਸ਼ਾਮਲ ਹੋਵਾਂਗੇ ਅਤੇ ਸਰਕਾਰ ਤੇ ਦਬਾਅ ਬਣਾਈ ਰੱਖਣ ਲਈ ਵਿਦਿਆਰਥੀਆਂ ਨੂੰ ਸੰਗਠਿਤ ਕਰਾਂਗੇ। ਸਾਡਾ ਟੀਚਾ ਸਪਸ਼ਟ ਹੈ: ਇਹ ਯਕੀਨੀ ਬਣਾਉਣਾ ਕਿ ਸਾਰੇ ਵਿਦਿਆਰਥੀਆਂ ਦੀ ਜਨਤਕ ਫ਼ੰਡ ਪ੍ਰਾਪਤ ਸਿਹਤ ਸੰਭਾਲ ਤੱਕ ਪਹੁੰਚ ਹੋਵੇ।








ਆਖਰੀ ਫੇਸ,
ਹਮੇਸ਼ਾ ਰਹਿਣ ਵਾਲਾ ਘਰ.
Ambleton Blvd
24 St NW
144 Ave NW
ਫੇਸ 7 ਹੁਣ ਖੁੱਲਾ ਹੈ
ਐੰਬਲਟਨ ਦੇ ਜੀਵੰਤ ਉੱਤਰੀ-ਪੱਛਮੀ ਭਾਈਚਾਰੇ ਵਿੱਚ ਇਸ ਦਿਲਚਸਪ ਨਵੇਂ ਪੜਾਅ ਦੀ ਖੋਜ ਕਰੋ! ਇਸ ਸ਼ਾਂਤਮਈ ਐਨਕਲੇਵ ਵਿੱਚ ਵਾਕਆਊਟ ਲਾਟ, ਇੱਕ ਭਵਿੱਖੀ ਸਕੂਲ ਸਾਈਟ, ਵਿਸ਼ਾਲ ਖੇਡ ਦੇ ਮੈਦਾਨ, ਅਤੇ ਬਾਹਰ ਦਾ ਆਨੰਦ ਲੈਣ ਲਈ ਹਰੇ ਭਰੇ ਖੇਤਰ ਹਨ। ਵਿਸ਼ਾਲ ਭਾਈਚਾਰੇ ਵਿੱਚ 3 ਖੇਡ ਦੇ ਮੈਦਾਨ, ਇੱਕ ਸੁਰੱਖਿਅਤ ਅਤੇ ਸੁੰਦਰ ਮਾਰਗ ਪ੍ਰਣਾਲੀ, ਅਤੇ ਪਰਿਵਾਰ ਅਤੇ ਦੋਸਤਾਂ ਨਾਲ ਇਕੱਠੇ ਹੋਣ ਲਈ ਹੋਰ ਵੀ ਹਰੀ ਜਗ੍ਹਾ ਹੈ।
ਐੰਬਲਟਨ ਦੇ ਅੰਤਿਮ ਪੜਾਅ ਵਿੱਚ ਇੱਕ ਚੰਗੀ ਤਰ੍ਹਾਂ ਸਥਾਪਿਤ ਭਾਈਚਾਰੇ ਦੀਆਂ ਸਾਰੀਆਂ ਸਹੂਲਤਾਂ ਦੇ ਵਿਚਕਾਰ ਆਪਣਾ ਸੰਪੂਰਨ ਘਰ ਲੱਭੋ!
liveinambleton.com
· Sterling Homes · Jayman BUILT · Trico Homes
· Shane Homes · Broadview Homes
Front Garage
FROM THE MID
$700s
Laned Homes
FROM THE HIGH
$500s
Ambleton
A Qualico Community
QUALICO communities
WE CREATE LEGACY COMMUNITIES THAT INSPIRE PRIDE, ENRICH LIVES AND ENDURE IN VALUE.




Bains Vision Centre
ਅੱਖਾਂ ਦੇ ਮਸ਼ਹੂਰ ਡਾਕਟਰ ਜਸਵਿੰਦਰ ਸਿੰਘ ਬੈਂਸ ਹੁਣ ਨਾਰਥ ਈਸਟ ਕੈਲਗਰੀ ਵਿੱਚ ਆ ਗਏ ਹਨ।
ਹਰ ਕਿਸਮ ਦੀਆਂ ਬਰੈਂਡ ਐਨਕਾਂ ਵੀ ਮਿਲਦੀਆਂ ਹਨ
Dr.Jaswinder S Bains
Ph.D., OD.
Tel: 403-274-4514
Fax: 403-274-4680
5218 Falsbridge Dr NE Calgary AB T3J 3G1





ਨਵੇਂ ਪੁਰਾਣੇ ਘਰਾਂ ਅੰਦਰ ਕਿਚਨ ਕੈਬਿਨੇਟ ਦਾ ਕੰਮ
ਕੋਈ ਮੈਟਲ ਡੋਰ, ਜਾਂ ਸਾਧਾਰਣ ਡੋਰ ਲਗਾਉਣਾ ਹੈ ਜਾਂ ਮੋਲਡਿੰਗ, ਬੁੱਕ ਸੈਲਫ, ਪੌੜੀਆਂ ਦੀ ਰੇਲਿੰਗ, ਜਾਂ ਹਾਰਡਵੁੱਡ ਦਾ ਕੰਮ ਕਰਵਾਉਣਾ ਹੈ ਤਾਂ ਸੰਪਰਕ ਕਰੋ।
Specialist In:
All Type of Residential & Commercial Woodwork
Interior Finishing: Kitchen Cabinets:
Railing & Decorating
Manpreet Thind
Ph: (403) 455-1000
www.perfectfinishing.ca
Perfect Finishing Corp.
NewStar Cabinets Ltd.
3341 19 St NE Calgary AB T2E 6S8




Sidhu Accounting & Financial Services
Accounting Services
Personal Tax Returns
• Corporate Tax Returns
• Computerized Bookkeeping
• T4's
• Record of Employment
Financial Services
• RRSP
• Life Insurance
Term Life
Universal Life
• Critical Illness Insurance
• Segregated Funds
IQBAL SIDHU
(403) 568-2667
ਛੋਟੇ ਵੱਡੇ ਕਿਸੇ ਵੀ ਤਰ੍ਹਾਂ ਦੇ ਬਿਜ਼ਨਸ ਲਈ ਅਕਾਉਂਟਿੰਗ ਦੀ ਹਰ ਤਰ੍ਹਾਂ ਦੀ ਸੇਵਾਵਾਂ ਲਈ ਇਕਬਾਲ ਸਿੱਧੂ ਨੂੰ ਕਾਲ ਕਰੋ।
#202, 4656 Weswinds Drive NE. Calgary AB T3J 3Z5




Asia Pacific Immigration Consulting Ltd.
ਏਸ਼ੀਆ ਪੈਸੇਫਿਕ ਇਮੀਗਰੇਸ਼ਨ ਕੰਸਲਟਿੰਗ ਲਿਮਟਡ
ਇਮੀਗ੍ਰੇਸ਼ਨ ਸੇਵਾਵਾਂ
• ਮਾਪਿਆਂ ਲਈ ਸੁਪਰ ਵੀਜ਼ਾ • ਪਰਿਵਾਰਕ ਸਪਾਂਸਰਸ਼ਿਪ
• ਐਲ ਐਮ ਓ ਐਪਲੀਕੇਸ਼ਨ • ਵਰਕ ਪਰਮਿਟ
• ਰੱਦ ਕੀਤੇ ਕੇਸਾਂ ਵਾਸਤੇ ਅਪੀਲ
Maninder S. Dhillon
Regulated Immigration Consultant of Canada
Member ICCRC #R 409807
Member CAPIC
Commissioner for Oaths (Alberta)
Fax: 1-877-557-2001
iccrc crcic
Call for an appointment
403-225-1111
Toll Free 1-855-723-0001
Unit 144, 3670, 63rd Ave, NE, Calgary, AB (Behind ATB Head Office)
Email: info@apacimmigration.ca Website : www.apacimmigration.ca

Delta-A Stucco Ltd.
All Types of Stucco Work
Specialist in : Acrylic and Texture Acrylic
Quality Workmanship
Ajmer Garcha
Free Estimate
81 Taralea Manor NE Calgary AB T3J 5C4
Ph : 403-615-0583, Fax : 403-351-8157
Email : deltaastuccoltd.@hotmail.com




NORTHEAST AUTOMOTIVE
Bring your vehicle into NorthEast Automotive and be on smoother, stress free roads
First Choice for Engine Repair
ਆਪਣੀ ਕਾਰ ਦੀ ਤਸੱਲੀਬਖਸ਼ ਰਿਪੇਅਰ ਅਤੇ ਇੰਜਣ ਦੇ ਨੰਬਰ 1 ਕੰਮ ਲਈ ਸਾਡੇ ਨਾਲ ਸੰਪਰਕ ਕਰੋ।
Contact:
DEEP
4205-17 Ave SE
Calgary (AB)
Fax: 403 313 9993
Email: deep@neauto.ca
www.neauto.ca Ph. 403-263-1000, 403-250-7038

# ਰੀਤ ਮੁਸ਼ਿਆਣਾ ਵੱਲੋਂ ਚਲਾਈ ਜਾਂਦੀ ਰੌਣਕ ਫਾਊਂਡੇਸ਼ਨ ਵੱਲੋਂ ਲੋੜਵੰਦਾਂ ਲਈ ਜਰੂਰੀ ਵਸਤੂਆਂ ਦਾਨ ਕੀਤੀਆਂ ਗਈਆਂ



ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਬੀਤੇ ਦਿਨੀ ਰੌਣਕ ਫਾਊਂਡੇਸ਼ਨ ਵੱਲੋਂ ਤੀਜੀ ਦਾਨ ਮਹਿੰਮ ਲੜੀ ਤਹਿਤ ਅੰਦਾਜਨ 5200 ਤੋਂ ਵੱਧ ਜਰੂਰੀ ਲੋੜੀਂਦੀਆਂ ਚੀਜਾਂ ਜਿਹਨਾਂ ਵਿੱਚ ਭੋਜਨ ਅਤੇ ਡਾਇਪਰ ਤੋਂ ਲੈ ਕੇ ਘਰੇਲੂ ਸਮਾਨ ਤੱਕ ਆਦਿ ਸਮਾਨ ਸ਼ਾਮਿਲ ਸੀ, ਲੋੜਵੰਦਾਂ ਲਈ ਦਾਨ ਕੀਤੀਆਂ ਗਈਆਂ । ਰੀਤ ਮੁਸ਼ਿਆਨਾ ਤੇ ਉਸੇ ਪਤੀ ਏਕਰੂਪ ਸਿੰਘ ਦੇ ਇਸ ਸਮਾਜ ਭਲਾਈ ਦੇ ਉਪਰਾਲੇ ਦਾ ਪਿਛੋਕੜ ਇਹ ਹੈ ਕਿ ਇਸ ਪੰਜਾਬੀ ਜੋੜੇ ਦੀ ਪਿਆਰੀ ਬੱਚੀ ਜਦੋਂ ਇਸ ਦੁਨੀਆਂ ਉੱਪਰ ਨਾ ਰਹੀ ਤਾਂ ਇਹਨਾਂ ਦੀ ਜ਼ਿੰਦਗੀ ਹਮੇਸ਼ਾ ਲਈ ਬਦਲ ਗਈ। ਉਸ ਤੋਂ ਬਾਅਦ ਪਿਆਰ ਅਤੇ ਸੇਵਾ ਦੇ ਕੰਮਾਂ ਰਾਹੀਂ ਆਪਣੀ ਧੀ ਦੀ ਰੌਸ਼ਨੀ ਨੂੰ ਚਮਕਦਾ ਰੱਖਣ ਦਾ ਇੱਕ ਤਰੀਕਾ ਲੱਭਿਆ ਤਾਂ ਉਹ ਮਕਸਦ ਇਨ ਮੈਮੋਰੀ ਆਫ਼ ਰੌਣਕ ਫਾਊਂਡੇਸ਼ਨ ਬਣ ਗਿਆ। ਹਰ ਸਾਲ ਦੇ ਉਪਰਾਲੇ ਵਿੱਚ ਕੈਲਗਰੀ ਦੇ ਸੈਂਕੜੇ ਪਰਿਵਾਰਾਂ ਦੀ ਮੱਦਦ ਇਸ ਸੰਸਥਾ ਦੇ ਜ਼ਰੀਏ ਹੋ ਜਾਂਦੀ ਹੈ। ਰੀਤ ਲਈ, ਇਹ ਮਿਸ਼ਨ ਨਿੱਜੀ ਅਤੇ ਭਾਈਚਾਰਕ ਦੋਵੇਂ ਹੈ। ਇੱਕ ਮਾਂ ਅਤੇ ਵਕੀਲ ਹੋਣ ਦੇ ਨਾਤੇ, ਉਹ ਮੰਨਦੀ ਹੈ ਕਿ ਦੂਜਿਆਂ ਦੀ ਮੱਦਦ ਕਰਨਾ ਚੰਗਾ ਕਰਨ ਦੇ ਸਭ ਤੋਂ ਮਜ਼ਬੂਤ ਤਰੀਕਿਆਂ ਵਿੱਚੋਂ ਇੱਕ ਹੈ। "ਦਿਆਲਤਾ ਦਾ ਹਰ ਕੰਮ ਸਾਨੂੰ ਨੇੜੇ ਲਿਆਉਂਦਾ ਹੈ। ਸਾਡੇ ਭਾਈਚਾਰੇ ਨੂੰ ਅਜਿਹੀਆਂ ਲੋਕ ਸੇਵਾ ਵਾਲੀਆਂ ਮਹਿੰਮਾਂ ਦਾ ਹਿੱਸਾ ਬਣਨਾ ਚਾਹੀਦਾ ਹੈ।

# ਸਰਕਾਰ ਏ ਖਾਲਸਾ ਕੈਲਗਰੀ ਵਿੱਚ 8 ਨਵੰਬਰ ਨੂੰ ਦੇਖ ਸਕੋਗੇ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) 8 ਨਵੰਵਰ 2025 ਦਿਨ ਸਨਿੱਚਰਵਾਰ ਨੂੰ ਕੈਲਗਰੀ ਦੇ ਅੰਪਾਇਰ ਬੈਂਕਿਊਟ ਹਾਲ 4826 11 ਸਟਰੀਟ ਨਾਰਥ ਈਸਟ ਵਿਖੇ ਦਿਨ ਦੇ ਠਕਿ 2 ਵਜੇ ਸ: ਇੰਦਰਜੀਤ ਸਿੰਘ ਬੈਂਸ ਅਤੇ ਉਹਨਾਂ ਦੀ ਸਹਿਯੋਗੀ ਟੀਮ ਦੇ ਉਪਰਾਲੇ ਸਦਕਾ ਸਿੱਖ ਇਤਿਹਾਸ ਦੇ ਗੁਰੂ ਸਹਿਬਾਨ ਤੋਂ ਲੈਕੇ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਤੱਕ ਦੀਆਂ ਘਟਨਾਵਾਂ ਨੂੰ ਮੰਚ ਉੱਪਰ ਨਾਟਕੀ ਰੂਪ ਵਿੱਚ ਦਿਖਾਇਆ ਜਾਵੇਗਾ। ਦਿਲਾਵਰ ਸਿੱਧੂ ਦੀ ਨਿਰਦੇਸ਼ਨਾ ਹੇਠ ਬਲਕਾਰ ਸਿੱਧੂ,ਨਰਿੰਦਰ ਨੀਨਾ,ਅੰਮ੍ਰਿਤਪਾਲ ਸਿੰਘ,ਸੰਨੀ ਸੰਧੂ,ਤਜਿੰਦਰ ਜੋਸ਼ੀ,ਹਰਕੀਰਤਪਾਲ ਸਿੰਘ,ਬਿੱਲਾ ਤੱਖੜ,ਰੌਨੀ ਪੰਨੂੰ,ਕੁਲਵਿੰਦਰ ਸਿੱਧੂ ਤੋਂ ਇਲਾਵਾ ਸ: ਇੰਦਰਜੀਤ ਸਿੰਘ ਬੈਂਸ ਖੁਦ ਵੀ ਇੱਕ ਕਿਰਦਾਰ ਨਿਭਾ ਰਹੇ ਹਨ। ਕੈਲਗਰੀ ਤੋਂ ਇਸ ਨਾਟਕ ਦੇ ਮੁੱਖ ਪਰਬੰਧਕ ਜੱਸੀ ਨਈਅਰ ਨੇ ਦੱਸਿਆ ਕਿ ਵਿਨੀਪੈਗ ਅਤੇ ਐਡਮਿੰਟਨ ਵਿਖੇ ਬੀਤੇ ਹਫਤੇ ਬਹੁਤ ਹੀ ਵੱਡਾ ਹੁੰਗਾਰਾ ਮਿਲਿਆ ਹੈ ਸੋ ਸਾਨੂੰ ਕੈਲਗਰੀ ਵਾਸੀਆਂ ਉੱਪਰ ਵੀ ਮਾਣ ਹੈ ਕਿ ਉਸ ਦਿਨ ਤੁਸੀਂ ਵੀ ਵੱਡੀ ਗਿਣਤੀ ਇਹਨਾਂ ਕਲਾਕਾਰਾਂ ਦੇ ਇਸ ਉਪਰਾਲੇ ਨੂੰ ਹੁੰਗਾਰਾ ਦੇਣ ਲਈ ਵੱਡੀ ਗਿਣਤੀ ਵਿੱਚ ਆਵੋਗੇ। ਠੀਕ 2 ਵਜੇ ਨਾਟਕ ਦੀ ਸੁਰੂਆਤ ਹੋਵੇਗੀ ਇਸ ਲਈ ਕੈਲਗਰੀ ਵਾਸੀਆਂ ਨੂੰ ਬੇਨਤੀ ਹੈ 1:30 ਵਜੇ ਤੱਕ ਹਾਲ ਅੰਦਰ ਪੁੱਜ ਜਾਣਾ ਕਿਉਂਕਿ ਚਲਦੇ ਨਾਟਕ ਵਿੱਚ ਸੀਟਾਂ ਉਪਰਲੀ ਹਿੱਲਜੁਣ ਮੰਚ ਉਪਰਲੇ ਕਲਾਕਾਰ ਦੀ ਪੇਸ਼ਕਾਰੀ ਵਿੱਚ ਵਿਘਨ ਪਾਉਂਦੀ ਰਹਿੰਦੀ ਹੈ । ਪਹਿਲਾਂ ਆਓ ਅਤੇ ਆਪਣੀ ਸੀਟ ਉੱਪਰ ਪਹਿਲਾਂ ਬੈਠੋ ਦੇ ਆਧਾਰ ਉੱਪਰ ਜੇਕਰ ਹਾਲ 2 ਵਜੇ ਤੋਂ ਪਹਿਲਾਂ ਹੀ ਫੁੱਲ ਹੋ ਗਿਆ ਤਾਂ ਕਿਤੇ ਇਹ ਨਾ ਹੋਵੇ ਕਿ ਤੁਹਾਨੂੰ ਇਹ ਨਾਟਕ ਦੇਖੇ ਤੋਂ ਬਿਨਾ ਹੀ ਵਾਪਿਸ ਮੁੜਨਾ ਪਵੇ ਸੋ ਸਮੇਂ ਦਾ ਧਿਆਨ ਰੱਕਣ ਦੀ ਲੋੜ ਹੈ। ਨਾਟਕ ਦੇ ਦਾਖਿਲਾ ਪਾਸ ਅਤੇ ਹੋਰ ਜਾਣਕਾਰੀ ਲਈ ਜਅੰਬਰਸਰੀ ਤੜਕਾ ਵਾਲੇ ਜੱਸੀ ਨਈਅਰ ਨੂੰ 403 680 0719 ਫੋਨ ਉੱਪਰ ਸੰਪਰਕ ਕਰ ਸਕਦੇ ਹੋ।















# ਯੂਨਾਈਟਡ ਫੀਲਡ ਹਾਕੀ ਕਲੱਬ ਕੈਲਗਰੀ ਨੇ ਜਿੱਤੀ ਕੈਲਗਰੀ ਲੀਗ ਯੂਨਾਇਟਡ ਦੀ ਅੰਡਰ-16 ਟੀਮ ਨੇ ਇਸ ਫਾਲ ਸੀਜ਼ਨ ਵਿਚ ਸ਼ਾਨਦਾਰ ਖੇਡ ਦਿਖਾ ਕੇ ਸੂਬੇ ਵਿੱਚ ਆਪਣਾ ਡੰਕਾ ਵਜਾ ਦਿੱਤਾ




ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਹਾਕੀ ਖੇਡ ਮੈਦਾਨਾਂ ਵਿੱਚੋਂ ਕੈਲਗਰੀ ਦੇ ਗਰਾਊਂਡਾਂ ਵਿੱਚੋਂ ਆਈਆਂ ਖ਼ਬਰਾਂ ਅਨਸਾਰ ਫੀਲਡ ਹਾਕੀ ਅਲਬਰਟਾ (ਐਫ ਐਚ ਏ) ਵੱਲੋਂ ਕਰਵਾਏ ਗਏ ਦੋ ਵੱਡੇ ਮੁਕਾਬਲੇ ਅਜੇਤੂ ਰਹਿ ਕੇ ਯੂਨਾਈਟਡ ਫੀਲਡ ਹਾਕੀ ਕਲੱਬ ਕੈਲਗਰੀ ਨੇ ਜਿੱਤੇ ਹਨ। ਨਤੀਜਆਂ ਅਨੁਸਾਰ ਅੰਡਰ 16 ਫਾਲ ਲੀਗ ਚੈਂਪੀਅਨ —ਹਰ ਮੈਚ ਜਿੱਤ ਕੇ ਫਾਈਨਲ ਵਿਚ ਪੰਜਾਬ ਨੂੰ 6-1 ਨਾਲ ਹਰਾਇਆ। ਫਾਲ ਫੈਸਟੀਵਲ ਅੰਡਰ 16 ਚੈਂਪੀਅਨ - ਯੂਨਾਇਟਡ ਟੀਮ ਸਾਰੇ ਮੈਚ ਜੇਤੂ ਰਹੀ ਤੇ ਫਾਈਨਲ ਵਿਚ ਵੀ ਬੇਮਿਸਾਲ ਪ੍ਰਦਰਸ਼ਨ ਕਰਦਿਆਂ ਪੰਜਾਬ ਨੂੰ 8-0 ਨਾਲ ਹਰਾ ਦਿੱਤਾ। ਇਸ ਸਬੰਧੀ ਗੱਲ ਕਰਦਿਆਂ ਕੋਚ ਮਨਦੀਪ ਝੱਲੀ ਨੇ ਦੱਸਿਆ ਕਿ ਇਹ ਜਿੱਤਾਂ ਸਾਡੇ ਕਲੱਬ ਦੇ 10 ਸਾਲਾਂ ਦੀ ਜੂਨੀਅਰ ਖਿਡਾਰੀ ਵਿਕਾਸ ਮਿਹਨਤ ਦਾ ਨਤੀਜਾ ਹਨ। ਸਾਨੂੰ ਮਾਣ ਹੈ ਕਿ ਸਾਡੇ ਕਲੱਬ ਦੇ ਤਿੰਨ ਖਿਡਾਰੀ ਕੈਨੇਡਾ ਦੀ ਅੰਡਰ 17 ਟੀਮ ਨਾਲ ਮਲੇਸ਼ੀਆ ਵਿੱਚ ਖੇਡਣ ਗਏ। ਇਹ ਸਾਡੇ ਕਲੱਬ ਦੀ ਸਫਲਤਾ ਦਾ ਸਬੂਤ ਹੈ! ਉਹਨਾਂ ਹੋਰ ਦੱਸਿਆ ਕਿ ਜੇ ਤੁਸੀਂ ਵੀ ਆਪਣਾ ਖੇਡ ਪੱਧਰ ਉੱਚਾ ਕਰਨਾ ਚਾਹੁੰਦੇ ਹੋ ਤਾਂ ਚੈਂਪੀਅਨ ਨਾਲ ਜੁੜੋ - ਨਵੰਬਰ ਵਿਚ ਮੁਫ਼ਤ ਟ੍ਰੇਨਿੰਗ ਹੋਵੇਗੀ। ਅਸੀਂ ਹਰ ਸ਼ਨੀਵਾਰ ਨਵੰਬਰ ਮਹੀਨੇ ਦੌਰਾਨ ਕੈਲਗਰੀ ਦੇ ਜੈਨੇਸਿਸ ਸੈਂਟਰ ਵਿੱਚ ਮੁਫ਼ਤ ਟ੍ਰੇਨਿੰਗ ਸੈਸ਼ਨ ਕਰਵਾ ਰਹੇ ਹਾਂ। ਸਾਰੇ ਜੂਨੀਅਰ ਖਿਡਾਰੀਆਂ ਨੂੰ ਜੀ ਆਇਆਂ ਨੂੰ ਕਹਿੰਦੇ ਹਾਂ। ਹੋਰ ਜਾਣਕਾਰੀ ਲਈ ਫੋਨ ਨੰਬਰ 403-973-1012 ਉੱਪਰ ਸੰਪਰਕ ਕਰ ਸਕਦੇ ਹੋ।

# ਬਾਬਿਆਂ ਨੂੰ ਫ਼ੋਨ ਕਾਲ ਰਾਹੀਂ ਚੱਲ ਰਹੇ ਧੋਖਾਧੜੀ ਦੇ ਆਰਥਿਕ ਅਪਰਾਧਾਂ ਤੋ ਬਚਾਅ ਕਰਨ ਲਈ ਸਮਝਾਇਆ ਗਿਆ



ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਨਾਰਥ ਕੈਲਗਰੀ ਸੀਨੀਅਰ ਸੋਸਾਇਟੀ ਦੀ ਮਾਸਿਕ ਮੀਟਿੰਗ 22 ਅਕਤੂਬਰ ਨੂੰ ਲਿਵਿੰਗਸਟਨ ਕਮਿਉਨਿਟੀ ਸੈਂਟਰ ਦੇ ਹਾਲ ਵਿੱਚ ਹੋਈ ਜਿਸ ਦੀ ਪ੍ਰਧਾਨਗੀ ਸੰਤੋਖ ਸਿੰਘ ਕੰਦੋਲਾ ਨੇ ਕੀਤੀ ਅਤੇ ਮਹੀਨੇ ਦੌਰਾਨ ਮਨਾਏ ਗਏ ਦਿਵਾਲੀ ਦੇ ਤਿਉਹਾਰ ਅਤੇ ਬੰਦੀ ਛੋੜ ਦਿਵਸ ਬਾਰੇ ਚਾਨਣਾ ਪਾਉਂਦਿਆਂ ਹਾਜ਼ਰੀਨ ਨੂੰ ਜੀ ਆਇਆ ਕਿਹਾ । ਸੈਕਟਰੀ ਸ੍ਰ ਜਸਪਾਲ ਸਿੰਘ ਕੰਗ ਨੇ ਸਭਾ ਨੂੰ ਸੰਬੋਧਨ ਕਰਦਿਆਂ ਸੋਸਾਇਟੀ ਮੈਂਬਰਾਂ ਨੂੰ ਉਨ੍ਹਾਂ ਦੇ ਅਧਿਕਾਰ ਤੇ ਜ਼ਿੰਮੇਵਾਰੀਆਂ ਤੋਂ ਜਾਣੂੰ ਕਰਵਾਉਂਦਿਆਂ ਸੁਚਾਰੂ ਰੂਪ ਨਾਲ ਚਲਾਉਣ ਲਈ ਪ੍ਰੇਰਿਤ ਕੀਤਾ । ਕੈਲਗਰੀ ਪੁਲਿਸ ਮਹਿਕਮੇ ਦੇ ਮੁਲਾਜ਼ਮ ਸ੍ਰ ਰਣਬੀਰ ਸਿੰਘ ਰੰਧਾਵਾ ਨੇ ਸਭਾ ਨੂੰ ਸੰਬੋਧਨ ਕਰਦਿਆ ਅਜੋਕੇ ਸਮੇ ਵਿੱਚ ਟੈਲੀਫ਼ੋਨ ਕਾਲ ਰਾਹੀਂ ਚੱਲ ਰਹੇ ਧੋਖਾਧੜੀ ਦੇ ਆਰਥਿਕ ਅਪਰਾਧਾਂ ਤੋ ਬਚਾਅ ਕਰਨ ਪ੍ਰਤੀ ਸੁਚੇਤ ਰਹਿਣ ਲਈ ਨੁਕਤਿਆਂ ਤੇ ਬਰੀਕੀ ਨਾਲ ਚਾਨਣ ਪਾਇਆ । ਸ੍ਰ ਸੁਖਮੰਦਰ ਸਿੰਘ ਗਿੱਲ ਨੇ ਅਪਣੀ ਮਧੁਰ ਅਵਾਜ਼ ਵਿੱਚ ਗੀਤ " ਸੱਜ ਵਿਆਹੀ ਜੱਟੀ ਪਹਿਲੀ ਵਾਰ ਭੱਤਾ ਲੈ ਕੇ ਚੱਲੀ ਖੇਤ ਨੂੰ " ਗਾ ਕੇ ਮਨੋਰੰਜਨ ਕੀਤਾ । ਡਾਕਟਰ ਸਤਨਾਮ ਸਿੰਘ ਧੋਥੜ ਨੇ ਪੰਜਾਬੀ ਲੋਕ ਟੱਪੇ ਸੁਣਾ ਕੇ ਹਾਜ਼ਰੀਨ ਦਾ ਮਨੋਰੰਜਨ ਕੀਤਾ । ਸ੍ਰੀ ਸਿਵ ਕੁਮਾਰ ਸ਼ਰਮਾਂ ਨੇ ਪਤੀ ਪਤਨੀ ਦੇ ਸਬੰਧਾਂ ਤੇ ਕਟਾਕਸ ਕਰਦਿਆਂ ਚੁਟਕਲੇ ਸੁਣਾ ਕੇ ਹਾਜ਼ਰੀ ਲਗਵਾਈ । ਸ੍ਰ ਦਰਸ਼ਨ ਸਿੰਘ ਧਾਲੀਵਾਲ ਨੇ ਅਪਣੇ ਬੇਟੇ ਰਾਜ ਧਾਲੀਵਾਲ ਦੀ ਸਿਟੀ ਕੌਂਸਲ ਦੀਆਂ ਚੋਣਾਂ ਵਿੱਚ ਹੋਈ ਜਿੱਤ ਤੇ ਸਭ ਦਾ ਧੰਨਵਾਦ ਕੀਤਾ। ਮਾਸਟਰ ਮਹਿੰਦਰ ਸਿੰਘ ਨੇ ਜ਼ਿੰਦਗੀ ਵਿੱਚ ਆਉਂਦੀਆਂ ਮੁਸ਼ਕਲਾਂ ਨਾਲ ਮੁਕਾਬਲਾ ਕਰਦਿਆਂ ਸਰਲ ਢੰਗ ਨਾਲ ਜਿਉਣ ਦੇ ਢੰਗ ਤਰੀਕਿਆਂ ਬਾਰੇ ਵਿਚਾਰ ਪੇਸ਼ ਕੀਤੇ । ਸ੍ਰ ਕਰਮ ਸਿੰਘ ਭੁੱਲਰ ਨੇ ਵੀ ਚੁਟਕਲੇ ਸੁਣਾ ਕੇ ਮਨੋਰੰਜਨ ਕੀਤਾ । ਸੋਸਾਇਟੀ ਵੱਲੋਂ ਅਕਤੂਬਰ ਮਹੀਨੇ ਦੌਰਾਨ ਪੈਂਦੇ ਜਨਮ ਦਿਨ ਵਾਲੇ ਮੈਂਬਰਾਂ ਨੂੰ ਤੋਹਫ਼ੇ ਦੇ ਕੇ ਸਨਮਾਨਿਤ ਕੀਤਾ । ਅੰਤ ਵਿੱਚ ਸੋਸਾਇਟੀ ਦੇ ਪ੍ਰਧਾਨ ਸ੍ਰ ਸੰਤੋਖ ਸਿੰਘ ਕੰਦੋਲਾ ਨੇ ਕਾਰਵਾਈ ਸਮੇਟਦਿਆਂ ਆਏ ਮਹਿਮਾਨਾਂ ਦਾ ਤੇ ਹਾਜ਼ਰੀਨ ਮੈਂਬਰਾਂ ਦਾ ਧੰਨਵਾਦ ਕਰਦਿਆਂ ਨਵੰਬਰ ਮਹੀਨੇ ਦੀ 26 ਤਰੀਕ ਹੋਣ ਵਾਲੀ ਮਹੀਨਾਵਾਰ ਮੀਟਿੰਗ ਵਿੱਚ ਵੱਧ ਚੜ੍ਹ ਕੇ ਸ਼ਮੂਲੀਅਤ ਕਰਨ ਦੀ ਅਪੀਲ ਕੀਤੀ ।

# ਨਾਰਥ ਕੈਲਗਰੀ ਕਲਚਰਲ ਐਸੋਸੀਏਸ਼ਨ ਦੀ ਪਰਬੰਧਕੀ ਕਮੇਟੀ ਦੀ ਚੋਣ, ਸੁਰਿੰਦਰ ਪਲਾਹਾ ਫਿਰ ਪ੍ਰਧਾਨ ਚੁਣੇ ਗਏ



ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਨਾਰਥ ਕੈਲਗਰੀ ਕਲਚਰਲ ਐਸੋਸੀਏਸ਼ਨ ਦੀ ਮੀਟਿੰਗ 27 ਅਕਤੂਬਰ ਨੂੰ ਵੀਵੋ ਦੇ ਹਾਲ ਵਿੱਚ ਹੋਈ। ਸਕੱਤਰ ਗਰਦਿਆਲ ਸਿੰਘ ਖਹਿਰਾ ਨੇ ਪਿਛਲੇ ਦਿਨੀਂ ਲੰਘੇ ਦੀਵਾਲ਼ੀ ਅਤੇ ਬੰਦੀਛੋੜ ਦਿਵਸ ਦੀਆਂ ਵਧਾਈਆਂ ਦਿੱਤੀਆਂ। ਅਕਤੂਬਰ ਮਹੀਨੇ ਪੈਂਦੇ ਜਨਮਦਿਨ ਵਾਲ਼ੇ ਮੈਂਬਰਾਂ ਨੂੰ ਤੋਹਫ਼ੇ ਦੇ ਕੇ ਮੁਬਾਰਕਾਂ ਦਿੱਤੀਆਂ ਗਈਆਂ। ਹਰਮਨ ਪਿਆਰੇ ਗਾਇਕ ਰਾਜਵੀਰ ਜਵੰਧਾ ਦੀ ਬੇ-ਵਕਤ ਮੌਤ ਉਪਰ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ। ਅਗਲੇ ਦੋ ਸਾਲਾਂ ਲਈ ਕਾਰਜਕਾਰਨੀ ਦੀ ਚੋਣ ਲਈ ਬਣਾਈ ਕਮੇਟੀ ਨੇ ਚੁਣੇ ਗਏ ਮੈਂਬਰਾਂ ਤੇ ਅਹੁਦੇਦਾਰਾਂ ਦਾ ਵਿਧੀਵਤ ਐਲਾਨ ਕੀਤਾ ਜਿਸ ਅਨੁਸਾਰ ਪਹਿਲੇ ਮੈਂਬਰ ਇੱਕ ਵਾਰ ਫਿਰ ਚੁਣੇ ਗਏ ਹਨ। ਜਗਦੇਵ ਸਿੱਧੂ ਦੁਆਰਾ ਸ੍ਵੈ-ਇੱਛਾ ਰਾਹੀਂ ਕਾਰਜਕਾਰਨੀ ਤੋਂ ਬਾਹਰ ਰਹਿਣ ਦੇ ਫੈਸਲੇ ਕਾਰਨ ਉਸ ਦੀ ਥਾਂ ਭਜਨ ਸਿੰਘ ਸਾਗੂ ਨੂੰ ਚੁਣਿਆ ਗਿਆ। ਸਾਰੀ ਚੋਣ ਸਰਬਸੰਮਤੀ ਨਾਲ਼ ਹੋਈ। ਪ੍ਰਧਾਨ ਸੁਰਿੰਦਰਜੀਤ ਪਲਾਹਾ ਨੇ ਚੋਣ ਕਮੇਟੀ ਦੇ ਮੈਂਬਰਾਂ - ਕਰਮ ਸਿੰਘ ਭੁੱਲਰ, ਸੁਖਦੇਵ ਸਿੰਘ ਬੈਂਸ ਅਤੇ ਵਿਜੇ ਸਚਦੇਵਾ ਦਾ ਧੰਨਵਾਦ ਕੀਤਾ। ਦਰਸ਼ਨ ਧਾਲ਼ੀਵਾਲ਼ ਨੇ ਰਾਜਦੀਪ ਧਾਲ਼ੀਵਾਲ ਦੇ ਦੁਬਾਰਾ ਕੌਂਸਲਰ ਚੁਣੇ ਜਾਣ 'ਤੇ ਸੁਰਿੰਦਰਜੀਤ ਪਲਾਹਾ ਸਮੇਤ ਸਾਰਿਆਂ ਦੁਆਰਾ ਦਿੱਤੇ ਸਹਿਯੋਗ ਲਈ ਉਨ੍ਹਾਂ ਦਾ ਧੰਨਵਾਦ ਕੀਤਾ। ਕਰਮ ਸਿੰਘ ਮੁੰਡੀ, ਜੋਗਾ ਸਿੰਘ ਲਹਿਲ, ਸੁਰਜੀਤ ਸਿੰਘ ਗਿੱਲ ਅਤੇ ਸੁਰਿੰਦਰ ਢਿੱਲੋਂ ਨੇ ਕੈਨੇਡਾ ਦੀ ਅਮਨ-ਕਾਨੂੰਨ ਦੀ ਵਿਗੜ ਰਹੀ ਹਾਲਤ ਉਪਰ ਚਿੰਤਾ ਜ਼ਾਹਿਰ ਕਰਦਿਆਂ ਕੁੱਝ ਸੁਝਾਅ ਰੱਖੇ। ਸਰਕਾਰ ਨੂੰ ਇਨ੍ਹਾਂ ਮਸਲਿਆਂ ਬਾਰੇ ਕਾਨੂੰਨ ਵਿੱਚ ਸੋਧ ਕਰਨ ਜਾਂ ਨਵਾਂ ਕਾਨੂੰਨ ਬਨਾਉਣ ਅਤੇ ਸਖਤੀ ਨਾਲ਼ ਲਾਗੂ ਕਰਨ ਦੀ ਲੋੜ ਜਤਾਈ। ਗੁਰਮਿੰਦਰ ਕੌਰ ਨੇ ਸ਼ਬਦ, ਸੁਰਿੰਦਰ ਕਾਲੀਆ, ਬਿੱਕਰ ਸਿੰਘ ਸੰਧੂ, ਸੁਖਮੰਦਰ ਗਿੱਲ, ਮਨਮੋਹਨ ਬਾਠ, ਹਰਕੰਵਲਜੀਤ ਕੌਰ ਧਾਲ਼ੀਵਾਲ਼, ਭਜਨ ਸਿੰਘ ਸਾਗੂ ਅਤੇ ਹਰਿੰਦਰ ਕੌਰ ਮੁੰਡੀ ਨੇ ਮੰਚ ਉਪਰੋਂ ਆਪੋ ਆਪਣੀਆਂ ਰਚਨਾਵਾਂ ਨਾਲ ਹਾਜਿਰੀ ਲਗਵਾਈ। ਗੁਰਚੇਤ ਚਿੱਤ੍ਰਕਾਰ ਦੀ ਕਿਸਾਨੀ ਬਾਰੇ ਕੀਤੀ ਰਿਕਾਰਡਿੰਗ ਸੁਣਾਈ ਗਈ। ਸੁਰਿੰਦਰਜੀਤ ਪਲਾਹਾ ਨੇ ਐਸੋਸੀਏਸ਼ਨ ਦੇ ਅਗਲੇ ਪ੍ਰੋਗਰਾਮਾਂ ਦਾ ਵੇਰਵਾ ਦਿੱਤਾ ਜਿਸ ਅਨੁਸਾਰ 17 ਨਵੰਬਰ ਨੂੰ ਸਾਲਾਨਾ ਜਨਰਲ ਅਜਲਾਸ ( ਏ ਜੀ ਐਮ) ਹੋਣਾ ਹੈ। ਉਨ੍ਹਾਂ ਨੇ ਕੈਨੇਡਾ ਅੰਦਰ ਲਗਾਤਾਰ ਹੋ ਰਹੀਆਂ ਕਾਤਲਾਨਾ ਘਟਨਾਵਾਂ ਵੱਲ ਧਿਆਨ ਦਿਵਾਇਆ ਅਤੇ ਇਨ੍ਹਾਂ ਨੂੰ ਠੱਲ੍ਹ ਪਾਉਣ ਲਈ ਠੋਸ ਉਪਰਾਲੇ ਕਰਨ ਦੀ ਅਪੀਲ ਕੀਤੀ। ਉਨ੍ਹਾਂ ਨੇ ਬਤੌਰ ਪ੍ਰਧਾਨ ਐਸੋਸੀਏਸ਼ਨ ਦੀ ਕਾਰਜ-ਕੁਸ਼ਲਤਾ ਨੂੰ ਬਿਹਤਰ ਬਣਾਈ ਰੱਖਣ ਦਾ ਅਹਿਦ ਦੁਹਰਾਇਆ ਅਤੇ ਸਾਰੇ ਮੈਂਬਰਾਂ ਦਾ ਸਹਿਯੋਗ ਲਈ ਧੰਨਵਾਦ ਕੀਤਾ। ਸਾਰੀ ਕਾਰਵਾਈ ਨੂੰ ਬਰਿੰਦਰ ਮਦਾਨ ਨੇ ਕੁਸ਼ਲਤਾ ਨਾਲ਼ ਕੈਮਰਾਬੰਦ ਕੀਤਾ।

# ਕੈਨੇਡਾ ਸਰਕਾਰ ਵੱਲੋਂ ਸਿੱਖ ਫ਼ੌਜੀਆਂ ਦੇ ਸਨਮਾਨ ਵਿੱਚ ਡਾਕ ਟਿਕਟ ਜਾਰੀ

ਟੋਰਾਂਟੋ (ਪੰਜਾਬੀ ਅਖ਼ਬਾਰ ਬਿਊਰੋ) ਕੈਨੇਡਾ ਸਰਕਾਰ ਵੱਲੋਂ ਸਿੱਖ ਕੈਨੇਡੀਅਨ ਫੌਜੀਆਂ ਦੇ ਸਨਮਾਨ ਵਿੱਚ ਡਾਕ ਟਿਕਟ ਜਾਰੀ ਕੀਤੀ ਗਈ ਹੈ । ਇਹ ਟਿਕਟ ਰਾਸ਼ਟਰੀ ਫੌਜ ਪ੍ਰਤੀ ਸਿੱਖ ਫੌਜੀਆਂ ਦੀ 100 ਸਾਲਾਂ ਤੋਂ ਵੱਧ ਦੀ ਸੇਵਾ ਦੇ ਸਨਮਾਨ ਵੱਜੋਂ ਜਾਰੀ ਕੀਤੀ ਗਈ ਹੈ। ਵਰਨਣਯੋਗ ਹੈ ਕਿ ਕੈਨੇਡਾ ਦੇ ਇਤਿਹਾਸ ਵਿੱਚ ਸਿੱਖ ਫ਼ੌਜੀਆਂ ਤੇ ਭਾਈਚਾਰੇ ਦਾ ਵੱਡਾ ਯੋਗਦਾਨ ਹੈ । ਕੈਨੇਡਾ ਦੀ ਸਰਕਾਰ ਵੱਲੋਂ ਇਸ ਸਨਮਾਨ ਦੀ ਸਮੂਹ ਭਾਈਚਾਰੇ ਵੱਲੋਂ ਸ਼ਲਾਘਾ ਕੀਤੀ ਗਈ ਹੈ ।













